# ਆਪਣੇ ਬਾਰੇ ਲਿਖਣਾ

-ਗੁਰਬਚਨ-

ਸਵੈ ਬਾਰੇ ਲਿਖਣਾ ਸਵੈ ਨੂੰ ਲੱਭਣਾ ਹੈ, ਸਵੈ ਜੋ ਤੈਹਾਂ ਹੇਠ ਦੱਬਿਆ ਪਿਆ। ਸਵੈ ਦਾ ਬਿਰਤਾਂਤ ਉਨ੍ਹਾਂ ਸਮਿਆਂ ਦਾ ਬਿਰਤਾਂਤ ਕਿਤੇ ਵੱਧ ਹੁੰਦਾ ਜਿਨ੍ਹਾਂ ਸਮਿਆਂ ਵਿਚ ਸਵੈ ਹੋਇਆ/ਵਿਚਰਿਆ। ਕਿਸੇ ਮਨੁੱਖ ਦੀਆਂ ਅੰਤਹੀ ਆਵਾਜ਼ਾਂ ਉਹਦੇ ਸਮਕਾਲ ਦੇ ਪ੍ਰਸੰਗ ਵਿਚ ਮਹਤਵ ਪ੍ਰਾਪਤ ਕਰਦੀਆਂ ਹਨ। ਸਵੈ-ਬਿਰਤਾਂਤ ਬਾਰੇ ਅਜਿਹੀ ਪਹੁੰਚ ਵਿਚ 'ਮੈਂ' ਦੇ ਰੁਮਾਂਸ ਲਈ ਗੁੰਜਾਇਸ਼ ਨਹੀਂ ਹੁੰਦੀ।

ਪੰਜਾਬੀ ਲਿਖਣਕਾਰੀ ਵਿਚ 'ਮੈਂ' ਦੇ ਰੁਮਾਂਸ ਨੂੰ ਚੋਖੀ ਥਾਂ ਪ੍ਰਾਪਤ ਹੁੰਦੀ ਰਹੀ ਹੈ। ਗੁਰਬਖਸ਼ ਸਿੰਘ ਨੇ ਤਿੰਨ ਜਿਲਦਾਂ ਵਿਚ ਸਵੈ-ਜੀਵਨੀ ਲਿਖੀ; ਆਪਣੇ ਹੋਣੇ ਨੂੰ ਰੁਮਾਂਸ ਨਾਲ ਗ਼ਲੇਫ਼ ਦਿੱਤਾ। ਮਧਲੇ ਬੰਦੇ ਦਾ ਰੁਮਾਂਸੀ ਸਵੈ-ਚਿਤਵਨ ਉਹਨੂੰ ਇਸ ਤੱਥ ਤੋਂ ਦੂਰ ਰੱਖਦਾ ਹੈ ਕਿ ਉਹਦਾ ਸਵੈ ਵਿਰਾਟ ਤਾਣੇ ਬਾਣੇ 'ਚ ਇਕ ਅਣੂ ਹੈ। ਅਜਿਹੇ ਵਿਅਕਤੀ ਦੇ ਕਲਪਾਂ ਦਾ ਸਰੋਤ ਉਹਦਾ ਭਾਵੁਕ ਸਵੈ ਹੁੰਦਾ ਜਾਂ ਸਵੈ ਬਾਰੇ ਭਰਮ ਭੁਲੇਖਾ ਹੁੰਦਾ। ਹਰ ਵਿਅਕਤਿਤਵ - ਵਿਕਸਤ ਜਾਂ ਅਵਿਕਸਤ - ਸਮਾਂ/ਸਪੇਸ ਦੇ ਅਨਿਕ ਨਾਤਿਆਂ ਨਾਲ ਬੱਝਾ ਹੁੰਦਾ। ਸਿਰਜਕ ਇਨ੍ਹਾਂ ਨਾਤਿਆਂ ਰਾਹੀਂ ਊਰਜਿਤ ਹੁੰਦਾ; ਉਹ ਅਜਿਹੀਆਂ ਤੈਹਾਂ ਤੱਕ ਪੁੱਜਦਾ ਜੋ ਆਮ ਪ੍ਰਤੱਖਣ ਵਿਚ ਨਹੀਂ ਆਉਂਦੀਆਂ। ਜ਼ਾਹਿਰ ਹੈ, ਸਾਰੇ ਸਿਰਜਕ ਵਿਕਸਤ ਵਿਅਕਤਿਤਵ ਵਾਲੇ ਨਹੀਂ ਹੁੰਦੇ; ਸਵੈ ਦੇ ਪ੍ਰਸੰਗਾਂ ਤੱਕ ਪੁੱਜਣ ਲਈ ਜਿਸ ਰਚਨਾਤਮਿਕ ਬੌਧਿਕਤਾ ਦੀ ਜ਼ਰੂਰਤ ਹੈ ਉਹ ਹਰੇਕ ਸ਼ਬਦਕਾਰ ਕੋਲ ਨਹੀਂ ਹੁੰਦੀ।

ਸਵੈ ਦੀ ਬਣਤ ਦਾ ਆਧਾਰ ਇਰਦ ਗਿਰਦ ਨਾਲ ਤੱਨਾਅ ਹੈ। ਉਦਗਾਰਾਂ ਦੇ ਸਹੰਸਰ ਅਣੂ ਪੈਦਾ ਹੁੰਦੇ ਹਨ ਜਿਨ੍ਹਾਂ ਨੂੰ ਸਮਝਣ/ਸੁਲਝਾਣ ਦਾ ਕੰਮ ਵਿਅਕਤੀ ਦੇ ਬੌਧਿਕ+ਰਚਨਾਤਮਿਕ ਵਿਕਾਸ ਰਾਹੀਂ ਹੁੰਦਾ ਹੈ। ਉਦਗਾਰੀ ਅਣੂਆਂ ਦੇ ਖਿਲਾਰ ਨੂੰ ਹਰੇਕ ਇਕੋ ਤਰ੍ਹਾਂ ਨਹੀਂ ਸਾਂਭਦਾ/ਸੁਲਝਾਂਦਾ। ਸੂਚਨਾ ਤਕਨੋਲਜੀ ਦੇ ਇਸ ਯੁੱਗ ਵਿਚ ਮਿਡਲ ਕਲਾਸੀ ਬੰਦੇ ਦੀ ਸਵੈ-ਮਿੱਥ 'ਚ ਆਸਥਾ ਅਪਰੰਪਾਰ ਹੈ। ਮਨੁੱਖ ਪੇਚੀਦਾ ਹੈ, ਜਿਸ ਯਥਾਰਥ ਨਾਲ ਟਕਰਾਂਦਾ ਉਹ ਵੱਧ ਪੇਚੀਦਾ ਹੈ। ਸਵੈ ਦਾ ਰੁਮਾਂਸ ਪੇਚੀਦਗੀ ਦੇ ਰਣਖੇਤਰ ਨੂੰ ਤਿਆਗ ਕੇ ਸਰਲੀਕਰਣ ਵਲ ਮੂੰਹ ਕਰਦਾ ਹੈ।

ਸਮਾਜਕ ਗਤੀ ਵਿਚ ਮਧਲਾ ਬੰਦਾ ਬੌਧਿਕ ਭਾਵੁਕ ਪੱਖੋਂ ਖੋਲਾਂ ਨਾਲ ਭਰਿਆ ਪਿਆ ਹੈ। ਇਹਦਾ ਪਤਾ ਉਹਦੀ ਭਾਸ਼ਾ ਪ੍ਰਤਿ ਚੇਤਨਾ, ਜਾਂ ਇਹਦੀ ਅਣਹੋਂਦ ਤੋਂ ਲੱਗਦਾ ਹੈ, ਜਿਵੇਂ ਰਚਨਾਕਾਰ ਦੇ ਵਿਅਕਤੀਗਤ ਖੋਲਾਂ ਦਾ ਪਤਾ ਉਹਦੀ ਭਾਸ਼ਾਕਾਰੀ ਤੋਂ ਲੱਗਦਾ ਹੈ। ਭਾਸ਼ਾਕਾਰੀ ਦੀ ਉਧੇੜ-ਬੁੱਨਤ ਰਾਹੀਂ ਵਿਅਕਤੀ ਦੇ ਅਸਲ ਤੱਕ ਪੁੱਜਿਆ ਜਾ ਸਕਦਾ ਹੈ। ਰਚਨਾ ਵਿਚ ਜਦ ਇਕਹਿਰਾਪਣ ਹੈ ਤਾਂ ਉਹ ਲੇਖਕ ਦੇ ਚਿੱਤ/ਚੇਤਨ ਦੀ ਸੀਮਾ-ਰੇਖਾ ਕਰਕੇ ਹੁੰਦਾ ਹੈ; ਇਹਦੀ ਸਮਝ ਲਿਖਤ ਦੀ ਭਾਸ਼ਕ ਸ਼ੈਲੀ ਤੋਂ ਲੱਗਦੀ ਹੈ। ਗੁਰਬਖ਼ਸ਼ ਸਿੰਘ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਜਾਂ ਅਜੀਤ ਕੌਰ ਆਦਿ ਦੀਆਂ ਸਵੈ-ਜੀਵਨੀਆਂ ਜੋ 'ਬਿਰਤਾਂਤ' ਸਿਰਜਦੀਆਂ ਹਨ ਉਹਦੇ ਰਾਹੀਂ ਲੇਖਕ ਦੇ ਸਵੈ ਬਾਰੇ ਦੋ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ : ਇਕ, ਸਤਹੀ ਪਾਠ ਰਾਹੀਂ ਪ੍ਰਾਪਤ ਜਾਣਕਾਰੀ; ਦੂਜੀ ਭਾਸ਼ਕ ਉਸਾਰ ਦੇ ਅੰਤਰ-ਪਾਠ ਰਾਹੀਂ ਪ੍ਰਾਪਤ ਜਾਣਕਾਰੀ। ਅਸਲ ਅਹਿਮੀਅਤ ਅੰਤਰ-ਪਾਠ ਰਾਹੀਂ ਪ੍ਰਾਪਤ ਜਾਣਕਾਰੀ ਦੀ ਹੁੰਦੀ ਹੈ।

ਸਮੇਂ ਦੀ ਤੋਰ ਪਛਾਣਨ ਵਾਲੇ ਲਿਖਣਕਾਰ ਦਾ ਆਪਣੇ ਸਮੇਂ ਦੇ ਸ਼ਬਦ ਸਭਿਆਚਾਰ ਨਾਲ ਨਾਤਾ ਦਵੰਦੀ ਪੱਧਰ ਦਾ ਹੁੰਦਾ ਹੈ। ਅਜਿਹੇ ਸ਼ਬਦਕਾਰ ਦਾ ਨਾਤਾ ਦਵੰਦੀ ਨਹੀਂ ਹੁੰਦਾ ਜੋ ਸਮੇਂ ਦੀ ਗਤੀ ਤੋਂ ਟੁੱਟਾ ਹੁੰਦਾ ਹੈ। ਉਹਨੇ ਆਪਣਾ ਟੱਲ ਖੜਕਾਈ ਜਾਣਾ ਹੁੰਦਾ ਹੈ। ਏਦਾਂ ਦੇ ਬੰਦੇ ਦੀ ਜੱਦੋਜਹਿਦ ਦਾ ਕੇਂਦਰ ਸੀਮਤ ਪੱਧਰ 'ਤੇ ਵਿਚਰਣ ਵਾਲੀ ਹੋਂਦ ਹੈ। ਜਾਂ ਸੌੜੀ ਸਰਲ ਪ੍ਰਤੱਖਣਾ (ਪਰਸੈਪਸ਼ਨ) ਹੈ।

***

ਪੁਰਾਣੇ ਦਿਨਾਂ ਦੇ ਅਨੇਕ ਬਿੰਬ ਚਿੱਤ 'ਚ ਜਗਬੁਝ ਕਰਦੇ ਰਹਿੰਦੇ ਹਨ। ਦ੍ਰਿਸ਼, ਵਾਰਦਾਤਾਂ, ਡਾਇਲਾਗ ਜ਼ਿਹਨ ਦੀ ਫਿਰਕੀ

ਨਾਲ ਟਕਰਾਂਦੇ, ਲੋਪ ਹੋ ਜਾਂਦੇ ਹਨ, ਫਿਰ ਕਦੇ ਟਕਰਾਣ ਲਈ। ਬੀਤੇ ਦੇ ਇਸ ਮਲਬੇ ’ਚੋਂ ਸਮੱਗਰੀ ਨੂੰ ਸੂਤਰਬਧ ਕਰਨ ਨਾਲ ਕਿੰਨਾ ਕੁਝ ਨਵੀਂ ਰੋਸ਼ਨੀ ’ਚ ਸਾਕਾਰ ਹੁੰਦਾ। ਰਚਨਾਤਮਿਕ ਭਾਸ਼ਾ ਦਾ ਪਤਾ ਅਜਿਹੀ ਰੋਸ਼ਨੀ ’ਤੋਂ ਲੱਗਦਾ।

ਇਕ ਮਨੁੱਖ ਕਿੰਨਾ ਕੁਝ ਨਾਲ ਭਿੜਦਾ ਤਾਂ ਸੁਆਲ ਹੈ : ਉਹਨੇ ਭਿੜਨ ਦਾ ਰਾਹ ਕਿਉਂ ਅਪਣਾਇਆ? ਉਹਦੇ ਵਿਹਾਰ ਦਾ ਪਖ਼ ਇਹਦੇ ਰਾਹੀਂ ਤਿਆਰ ਹੋਇਆ ਤੇ ਉਹਦੇ ਅੰਦਰ ਅਨੇਕ ਮਾਨਸਿਕ ਤੱਨਾਅ ਉਤਪੰਨ ਹੋਏ। ਇਸ ਸਭ ਦੀ ਨੱਕਾਸ਼ੀ ਨਾਲ ਉਸ ਮਨੁੱਖ ਦੀ ਜੱਦੋਜਹਿਦ ਦੇ ਨਾਲੋ ਨਾਲ ਉਹਦੇ ਸਮੇਂ ਦੀਆਂ ਪੇਚੀਦਗੀਆਂ ਦਾ ਵੀ ਪਤਾ ਚਲਦਾ। ਅਜਿਹਾ ਹੋਣ ਵਿਚ ਸਵੈ-ਬਿਰਤਾਂਤ ਦੀ ਮਹਿਮਾ ਹੈ।

ਮੇਰੀ ਇਹ ਪੁਸਤਕ (ਉਨ੍ਹਾਂ ਦਿਨਾਂ ਵਿਚ) ਮੇਰੇ ਬੀਤ ਚੁੱਕੇ ਹੋਣੇ ਦਾ ਬਿਰਤਾਂਤ ਹੈ। ਮੇਰੇ ਪਾਸ ਜੋ ਸਮੱਗਰੀ ਹੈ ਉਸ ਦਾ ਤੁਅਲਕ ਮੇਰੇ ਸਵੈ ਨਾਲ ਹੈ। ਜਿਸ ਤਰ੍ਹਾਂ ਮੈਂ ਜੀਵਿਆ, ਜਿਹੜੇ ਸੰਸਾਰ ਨਾਲ ਮੈਂ ਸਪਰਸ਼ ਵਿਚ ਰਿਹਾ, ਜੋ ਵਿਚਾਰ ਮੇਰੇ ਅੰਦਰ ਉਗਮੇ, ਜੋ ਕੁਝ ਮੈਂ ਦੇਖਿਆ ਮਹਿਸੂਸ ਕੀਤਾ - ਸਹੰਸਰ ਗੱਲਾਂ ਹਨ; ਇਨ੍ਹਾਂ ਨੇ ਸੂਤਰਬਧ ਹੋ ਕੇ ਕਿੱਦਾਂ ਦੇ ਅਰਥ ਪੈਦਾ ਕਰਨੇ ਹਨ, ਮੈਂ ਇਹ ਦੇਖਣ ਲਈ ਆਪ ਉਤਸੁਕ ਹਾਂ। ਕਿੰਨਾ ਕੁਝ ਅੰਦਰੋਂ ਬਾਹਰ ਆਉਣ ਲਈ, ਕਿਸੇ ਸੂਤਰ ਵਿਚ ਬੱਝਣ ਲਈ, ਉੱਸਲਵੱਟੇ ਲੈ ਰਿਹਾ। ਲਿਖ ਕੇ ਮੈਂ ਆਪ ਵੀ ਉਨ੍ਹਾਂ ਦਿਨਾਂ ਨੂੰ ਸਮਝਣਾ, ਉਸ ਪਦਾਰਥਿਕਤਾ ਨੂੰ ਜਾਣਨਾ, ਜਿਸ ਨਾਲ ਮੈਂ ਖਹਿੰਦਾ ਰਿਹਾ। ਇਹ ਵੀ ਦੇਖਣਾ ਕਿ ਜਿਸ ਪਦਾਰਥਿਕਤਾ ਨੇ ਮੇਰੀ ਬਣਤ ਬਣਾਈ, ਉਸ ’ਚ ਮੈਂ ਆਪ ਕਿਸ ਕਦਰ ਸ਼ਾਮਿਲ ਸਾਂ। ਕਿੰਨਾ ਕੁਝ ਮੇਰੀਆਂ ਅਵਚੇਤਨੀ ਤੈਹਾਂ ’ਚ ਦੱਬਿਆ ਪਿਆ, ਉੱਧੜ-ਗੁੱਧੜ, ਖਿਲਾਰੇ ਵਾਂਗ, ਇਹਦਾ ਅਸਲ ਕੀ ਹੈ?

ਹਰ ਫੁੱਲ ਦੀ ਨੁਹਾਰ ਨਿਰਾਲੀ, ਹਰ ਚਿਹਰੇ ਦੀ ਸੁਨੱਖ ਬੇਮਿਸਾਲ ਹੈ। ਇਕ ਮਨੁੱਖੀ ਆਵਾਜ਼ ਦੀ ਧੁਨੀ ਕਿਸੇ ਹੋਰ ਨਾਲ ਨਹੀਂ ਮਿਲਦੀ। ਸਵੈ-ਬਿਰਤਾਂਤ ਦੀ ਅਹਿਮੀਅਤ ਇਸ ਗੱਲ ਦੇ ਗੂੜ੍ਹਾ ਹੋਣ ਵਿਚ ਹੈ। ਜ਼ਾਹਿਰ ਹੈ, ਜੋ ਮੇਰਾ ਹੈ, ਯਾਨੀ ਕਿ ਜੋ ਮੇਰੇ ਨਾਲ ਵਾਪਰਿਆ ਹੈ, ਉਹਦਾ ਨਾਤਾ ਸਿਰਫ਼ ਮੇਰੇ ਨਾਲ ਨਹੀਂ। ਵੱਧ ਨਾਤਾ ਇਹਦਾ ਉਸ ਕਾਸੇ ਨਾਲ ਹੈ ਜੋ ਮੇਰੇ ਹੋਣ ਦੇ ਲਮਹਿਆਂ ਨਾਲ ਟਕਰਾਂਦੇ ਰਹੇ। ਉਨ੍ਹਾਂ ਲਮਹਿਆਂ ਨੂੰ ਮੈਂ ਅੱਜ ਦੀ ਨਜ਼ਰ ਤੋਂ ਹੀ ਦੇਖ ਸਕਦਾਂ। ਮਨੁੱਖ ਹੋਰਾਂ ਨੂੰ ਖ਼ੁਦ ਦੇ ਨਜ਼ਰੀਏ ਤੋਂ ਹੀ ਦੇਖਦਾ ਹੈ। ਮੈਂ ਕਿਸੇ ਨੂੰ ਕਿਵੇਂ ਦੇਖਦਾਂ, ਅਹਮੀਅਤ ਇਸ ਗੱਲ ਦੀ ਹੈ।

ਮਾਨਵੀ ਮਹਾਂ-ਬਿਰਤਾਂਤ ’ਚ ਗੁਰਬਚਨ ਨਾਂ ਦਾ ਮਨੁੱਖ ਹੈ, ਜਿਹਦਾ ਭੂਤ ਸਮੇਂ ਦੇ ਮਲਬੇ ’ਚ ਗੁੰਮ ਹੈ, ਜਿੱਦਾਂ ਹਰੇਕ ਬੰਦੇ ਦਾ ਹੁੰਦਾ ਹੈ। ਇਸ ਸਮੱਗਰੀ ਨੂੰ ਅੱਜ ਦੇ ਫ਼ਾਸਲੇ ਤੋਂ ਬਿਰਤਾਂਤ ’ਚ ਰੂਪਿਤ ਕਰਨ ਵਾਲਾ ਉਹੀ ਗੁਰਬਚਨ ਹੈ ਜੋ ਪਹਿਲਾਂ ਵਰਗਾ ਨਹੀਂ ਰਿਹਾ। ਹੁਣ ਦੇ ਵੱਖਰੇ ਚਿੱਤ/ਚੇਤਨ ਵਾਲਾ ਗੁਰਬਚਨ ਉਨ੍ਹਾਂ ਦਿਨਾਂ ਦੇ ਗੁਰਬਚਨ ਨੂੰ ਕਿਵੇਂ ਦੇਖਦਾ ਹੈ? ਉਨ੍ਹਾਂ ਦਿਨਾਂ ’ਚੋਂ ਗੁਜ਼ਰ ਕੇ ਜੋ ਕੁਝ ਦਾ ਪੁਨਰ ਸੰਰਚਣ ਹੋਣਾ, ਤਦ ਇਹ ਲਿਖਤ ਗੁਰਬਚਨ ਦੇ ਨਾਲੋ-ਨਾਲ ਉਨ੍ਹਾਂ ਪ੍ਰਸੰਗਾਂ ਦਾ ਸੰਰਚਣ ਵੀ ਹੋਣੀ ਹੈ ਜਿਨ੍ਹਾਂ ਦਿਨਾਂ ਵਿਚ ਉਹ ਹੋਇਆ/ਵਿਚਰਿਆ, ਜਿਨ੍ਹਾਂ ਨਾਲ ਉਹ ਟਕਰਾਇਆ। ਪ੍ਰਸੰਗਾਂ/ਨਾਤਿਆਂ ਦੀ ਅਜਿਹੀ ਧਾਰਾ ’ਚ ਕਿਵੇਂ ਇਸ ਬੰਦੇ ਦੀ ਚੇਤਨਾ ਵਿਗਸੀ, ਉਹਨੇ ਕੀ ਸਵੀਕਾਰ ਕੀਤਾ ਤੇ ਕੀ ਰੱਦ? ਜੋ ਇਸ ਮਨੁੱਖ ਅਤੇ ਉਹਦੇ ਇਰਦ ਗਿਰਦ ਵਿਚਕਾਰ ਦਵੰਦਤਾ ਹੈ, ਖਿੱਚ ਉਹਦੀ ਹੈ। ਇਸ ਦਵੰਦਤਾ ਦਾ ਮਨੁੱਖੀ ਮਾਨਸਿਕਤਾ ’ਤੇ ਕੀ ਅਸਰ ਪੈਂਦਾ ਹੈ? ਇਨ੍ਹਾਂ ਸੁਆਲਾਂ ਨੂੰ ਚਿਤਵਨ ਨਾਲ ਪਤਾ ਚਲਦਾ ਕਿ ਸਵੈ-ਬਿਰਤਾਂਤ ਆਮ ਮਨੁੱਖ ਦਾ ਵੀ ਉੱਨਾ ਅਹਿਮ ਹੁੰਦਾ, ਜਿੰਨਾ ਕਿਸੇ ਖ਼ਾਸ ਮਨੁੱਖ ਦਾ। ਅਹਿਮੀਅਤ ਪ੍ਰਸੰਗਾਂ ਦੇ ਪ੍ਰਜਵਲਤ ਹੋਣ ਵਿਚ ਹੈ, ਯਨੀਕਿ ਇਹਦੀ ਬਣਤਕਾਰੀ ਰਾਹੀਂ ਪੈਦਾ ਹੋਣ ਵਾਲੀ ਰੋਸ਼ਨੀ ਵਿਚ। ਇਸ ਰੋਸ਼ਨੀ ਦੇ ਸੁਹਜ ਵਿਚ।

***

ਪੰਜਾਬੀ ’ਚ ਸਵੈ-ਜੀਵਨੀ ਲਿਖਣ ਬਾਰੇ ਜੋ ਪ੍ਰਚਲਿਤ ਵਿਚਾਰ ਹਨ, ਮੈਂ ਉਸ ਤਰ੍ਹਾਂ ਨਹੀਂ ਸੋਚਦਾ। ਇਹਦਾ ਪਤਾ ਇਸ ਸਵੈ-ਬਿਰਤਾਂਤ ਦੇ ਨਾਮਕਰਣ ਤੋਂ ਲੱਗ ਜਾਂਦਾ ਹੈ। ਮੈਂ ਇਹਨੂੰ ‘ਉਨ੍ਹਾਂ ਦਿਨਾਂ ਵਿਚ’ ਦਾ ਨਾਂ ਇਸ ਕਰਕੇ ਹੀ ਦਿੱਤਾ ਹੈ। ਸਵੈ-ਜੀਵਨੀ ਸ਼ਬਦ ਦਰੁੱਸਤ ਨਹੀਂ ਹੈ। ਸਵੈ-ਜੀਵਨੀ ਦਾ ਧਰੋਹਰ ‘ਫਿਕਸ਼ਨ’ ਹੈ, ਯਾਨੀਕਿ ਗਲਪ ਲਿਖਤ। ਹਰ ਗਲਪ ਲਿਖਤ ਵਿਚ ਦੋ ਗੱਲਾਂ ਦਾ ਮਿਸ਼ਰਣ ਹੁੰਦਾ ਹੈ : ਇਕ, ਘਟਨਾਕਾਰੀ; ਦੂਜਾ, ਪ੍ਰਵਚਨਕਾਰੀ। ਜਦੋਂ ਮਨੁੱਖ ਆਪਣੇ ਬਾਰੇ ਲਿਖਦਾ, ਸਭ ਕੁਝ ਉਦਾਂ ਨਹੀਂ ਲਿਖਦਾ ਜਿਵੇਂ ਵਾਪਰਿਆ ਹੋਵੇ। ਜੋ ਕੁਝ ਵਾਪਰਿਆ ਤੇ ਜਿਵੇਂ ਵਾਪਰਿਆ ਉਹ ਏਨੇ ਵਰ੍ਹਿਆਂ ਬਾਅਦ ਯਾਦ ਬਣ ਜਾਂਦਾ ਹੈ, ਯਾਦ ਜੋ ਜ਼ਿਹਨੀ ਫਿਰਕੀ ਵਿਚ ਪਈ ਰਹਿੰਦੀ ਹੈ। ਯਾਦ ਦੀ ਨੱਕਾਸ਼ੀ ਯਾਦਕਾਰ ਦੀ ਮਾਨਸਿਕਤਾ/ਚੇਤਨਾ

ਰਾਹੀਂ ਫਿਲਟਰ ਹੁੰਦੀ ਰਹਿੰਦੀ ਹੈ। ਯਾਦ ਵੇਲੇ ਦੇ ਪ੍ਰਸੰਗਾਂ ਨੂੰ ਯਾਦਕਾਰ ਕਿਵੇਂ ਦੇਖਦਾ ਹੈ, ਫਿਰ ਲਿਖਣ ਲੱਗੇ ਸ਼ਬਦ ਨੱਕਾਸ਼ੀ ਦਾ ਉਹਦਾ ਕਸਬ ਆਦਿ – ਕਿੰਨਾ ਕੁਝ ਮੂਕ ਪੱਧਰ 'ਤੇ ਸਕ੍ਰੀਹ ਹੁੰਦਾ ਹੈ।

ਯਾਦ ਵਿਚ ਯਾਦਕਾਰ ਦੇ ਹੋਣੇ ਦੀਆਂ ਆਵਾਜ਼ਾਂ ਸ਼ਾਮਿਲ ਹੁੰਦੀਆਂ ਹਨ। ਉਹ ਕਿਸ ਤਰ੍ਹਾਂ ਦੀ ਵਿੱਥ-ਸੂਝ ਤੋਂ ਯਾਦ ਨੂੰ ਅੰਕਿਤ ਕਰਦਾ, ਅਹਿਮ ਗੱਲ ਇਹ ਹੈ। ਕਹਿਣਾ ਇਹ ਹੈ ਕਿ ਲਿਖਣ ਵਾਲੇ ਦੀ ਸ਼ਖਸੀਅਤ, ਜ਼ਿੰਦਗੀ ਬਾਰੇ ਉਹਦੇ ਚਿੰਤਨ ਤੇ ਮਾਨਸਿਕ ਉਤਰਾ-ਚੜਾਅ ਉੱਤੇ ਨਿਰਭਰ ਕਰਦਾ ਕਿ ਉਸ ਨੇ ਯਾਦ ਨੂੰ ਕਿਸ ਰੰਗ 'ਚ ਪੇਸ਼ ਕਰਨਾ ਹੈ। ਜੇ ਬੌਧਿਕ ਸਾਧਨਾ ਦੀ ਅਣਹੋਂਦ ਕਰਕੇ ਉਸ ਵਿਚ ਮਾਨਸਿਕ ਸੰਤੁਲਨ ਦੀ ਤੋਟ ਹੈ ਤਾਂ ਉਹ ਸਵੈ ਦੇ ਰੁਮਾਂਸ ਨਾਲ ਲਤਪਤ ਯਾਦ ਦਾ ਉਸਾਰ ਪ੍ਰਸਤੁਤ ਕਰੇਗਾ। ਅਜਿਹਾ ਕਰਦਿਆਂ ਉਹ ਅੰਤਹ ਦੀਆਂ ਆਵਾਜ਼ਾਂ ਦੀ ਗ੍ਰਿਫ਼ਤ ਵਿਚ ਆ ਜਾਵੇਗਾ; ਆਪਣੀਆਂ ਜ਼ਿਹਨੀ ਖੋਹਾਂ ਨੂੰ ਪੁਰ ਕਰੇਗਾ; ਅਤੇ ਪੇਚੀਦਗੀ ਨੂੰ ਸਰਲ ਬਣਾ ਕੇ ਪੇਸ਼ ਕਰੇਗਾ। ਜੇ ਉਹ ਬੌਧਿਕ ਰੂਪ ਵਿਚ ਸਾਧਿਆ ਹੋਇਆ ਮਨੁੱਖ ਹੈ ਤਾਂ ਯਾਦ ਦਾ ਮਹਤਵ ਨਿੱਜ ਤੋਂ ਆਰਪਾਰ ਦੇ ਅਰਥਾਂ ਵਾਲਾ ਹੋ ਜਾਵੇਗਾ, ਜਿਵੇਂ ਸੰਤ ਸਿੰਘ ਸੇਖੋਂ ਆਪਣੀ ਸਵੈ-ਜੀਵਨੀ 'ਉਮਰ ਦਾ ਪੰਧ' ਵਿਚ ਕਰਦਾ ਹੈ। ਕਹਿਣਾ ਇਹ ਹੈ ਕਿ ਯਾਦ ਦਾ ਸ਼ਬਦਾਂ ਵਿਚ ਉਲਥਾ ਲੇਖਕ ਦੇ ਚੇਤਨ-ਚੌਖਟੇ ਰਾਹੀਂ ਹੁੰਦਾ, ਜਿਸ ਰਾਹੀਂ ਉਹਦੀ ਸੀਮਾ ਜਾਂ ਬੁਲੰਦੀ ਦਾ ਪਤਾ ਵੀ ਚਲਦਾ।

ਪੰਜਾਬੀ ਵਿਚ ਸਵੈ-ਜੀਵਨੀਆਂ ਸਤਹ ਦੇ ਨੇੜੇ ਤੇੜੇ ਰਹਿੰਦੀਆਂ ਹਨ। ਮਹੀਨ ਤੈਹਾਂ ਵਾਲੀ ਵਾਰਤਕ, ਜਿਸ ਲਈ ਅੰਗਰੇਜ਼ੀ 'ਚ ਨੁਏਂਸ (nuance) ਸ਼ਬਦ ਵਰਤਦੇ ਹਾਂ, ਪੰਜਾਬੀ ਵਿਚ ਘਟ ਮਿਲਦੀ ਹੈ। ਜਾਂ ਸ਼ਾਇਦ ਉੱਕਾ ਨਹੀਂ ਮਿਲਦੀ। ਇਸ ਨਜ਼ਰੀਏ ਤੋਂ ਅਜੀਤ ਕੌਰ ਦੀ ਸਵੈ-ਜੀਵਨੀ 'ਖਾਨਾਬਦੋਸ਼' ਨੂੰ ਸਮਝਣ ਦੀ ਲੋੜ ਹੈ। ਜਿਸ ਤਰ੍ਹਾਂ ਅਜੀਤ ਕੌਰ ਬੇਬਾਕ ਹੋ ਕੇ ਸ਼ਬਦਾਂ ਦੀ ਚੋਣ ਕਰਦੀ ਹੈ ਉਸ ਪਿੱਛੇ ਉਹਦੇ ਸਾਹਿਤ ਬਾਰੇ ਅਕੀਦੇ ਹਨ। ਮੂੰਹਫੱਟ ਸ਼ਬਦਾਵਲੀ ਸਿਰਫ਼ ਸੱਚ ਦੀ ਤਲਾਸ਼ 'ਚੋਂ ਹੀ ਪੈਦਾ ਨਹੀਂ ਹੁੰਦੀ; ਸਨਸਨੀ ਪੈਦਾ ਕਰਨਾ ਵੀ ਇਹਦਾ ਮਕਸਦ ਹੁੰਦਾ। ਸਨਸਨੀ ਦਾ ਨਾਤਾ ਸਤਹ ਨਾਲ ਹੁੰਦਾ ਹੈ। 'ਸੱਚ ਦੀ ਤਲਾਸ਼' ਅਜੀਤ ਕੌਰ ਦੇ ਸਾਹਿਤਕ ਅਕੀਦਿਆਂ ਵਿਚ ਸ਼ਾਮਿਲ ਨਹੀਂ, ਇਹਦਾ ਪਤਾ ਉਹਦੀ ਭਾਸ਼ਕ ਸ਼ੈਲੀ ਤੋਂ ਲੱਗਦਾ ਹੈ, ਜਿਸ 'ਚੋਂ ਮਹੀਣ ਤੈਹਾਂ ਗ਼ਾਇਬ ਹਨ। ਉਹ ਚੌਕਾਣ ਲਈ ਸਥਿਤੀ/ਘਟਨਾ ਨੂੰ ਬੰਨ੍ਹਦੀ ਹੈ। ਜਦ ਅਜਿਹਾ ਕਰਦੀ ਹੈ ਤਾਂ ਇਰਾਦਾ ਲਿਖਤ ਨੂੰ ਮਸਾਲੇਦਾਰ ਬਨਾਣਾ ਹੁੰਦਾ, ਜਿਸ ਤੋਂ ਪਾਠਕ ਲੁਤਫ਼ ਲੈਂਦਾ ਹੈ। 'ਸੱਚ' ਨੂੰ ਮਸਾਲਾ ਲੱਗਾ ਹੋਵੇ ਤਾਂ ਇਹਦੀ ਸੁੱਚ ਕਾਇਮ ਨਹੀਂ ਰਹਿੰਦੀ।

ਅੰਮ੍ਰਿਤਾ ਦੀ 'ਰਸੀਦੀ ਟਿਕਟ' ਵਿਚ ਵੀ ਇਹੀ ਊਣ ਹੈ। ਉਹਦਾ ਭਾਸ਼ਕ ਅੰਦਾਜ਼ ਚੋਖਾ ਰੁਮਾਂਸੀ ਹੈ, ਸਵੈ ਦੀ ਮਿੱਥ ਪੈਦਾ ਕਰਨ ਵਾਲਾ। ਆਧੁਨਿਕ ਯੁੱਗ ਦੀ ਭਾਸ਼ਾਕਾਰੀ 'ਚ ਰੁਮਾਂਸ/ਮਿੱਥ ਨੂੰ ਉੱਕਾ ਥਾਂ ਨਹੀਂ, ਪਰ ਸਾਡੇ ਬਹੁਤੇ ਸਵੈ-ਜੀਵਨੀਕਾਰਾਂ ਦੇ ਭਾਸ਼ਾ ਸਿਰਜਣ 'ਚੋਂ ਮਹੀਨ ਤੈਹਾਂ ਇਸ ਕਰਕੇ ਗ਼ਾਇਬ ਹਨ ਕਿ ਉਹ ਅਨੁਭਵ ਨੂੰ ਵਿੱਥ-ਸੂਝ ਤੋਂ ਨਹੀਂ ਦੇਖਦੇ, ਸਵੈ ਦਾ ਰੁਮਾਂਸ ਸਿਰਜਦੇ ਹਨ। ਮਿਸਾਲ ਵਜੋਂ, ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ' ਵਿਚ ਸਵੈ-ਬੁਲੰਦੀ ਹੈ ਅਤੇ ਪਰ-ਹੋਂਦ ਬਾਰੇ ਹਿਕਾਰਤ। ਨਤੀਜਾ : ਨਾ ਲਿਖਤ ਵਿਚ ਸੱਚ ਰਹਿੰਦਾ ਹੈ, ਨਾ ਸੁੱਚ। ਨਾ ਸਵੈ-ਸੰਦੇਹ ਦੀ ਕਿਤੇ ਗੁੰਜਾਇਸ਼ ਹੈ। ਸਵੈ-ਸੰਦੇਹ ਤੋਂ ਮੁਕਤ ਹੋਣਾ ਸਵੈ ਦੇ ਸੱਚ ਤੋਂ ਦੂਰ ਜਾਣਾ ਹੈ। ਅਜਿਹੀ ਰਚਨਾਕਾਰੀ ਸਾਹਿਤਕ ਨਹੀਂ ਹੁੰਦੀ।

***

ਜੀਵਨ ਪ੍ਰਸੰਗ ਦੋ ਤਰ੍ਹਾਂ ਦੇ ਹੁੰਦੇ ਹਨ। ਇਕ, ਉਨ੍ਹਾਂ ਘਟਨਾਵਾਂ ਦੇ ਪ੍ਰਸੰਗ ਜਿਨ੍ਹਾਂ ਵਿਚ ਜੀਵਨੀਕਾਰ ਆਪ ਸ਼ਾਮਿਲ ਹੁੰਦਾ ਹੈ; ਦੂਜਾ ਪ੍ਰਸੰਗ, ਜੋ ਵੱਧ ਅਹਿਮ ਹੈ, ਤੇ ਇਹ ਪ੍ਰਸੰਗ ਲੇਖਕ ਦੀ ਭਾਸ਼ਕ ਸ਼ੈਲੀ ਅੰਦਰ ਲੁਪਤ ਹੁੰਦਾ ਹੈ। ਪ੍ਰਤਿਭਾਸ਼ਾਲੀ ਲੇਖਕ ਦਾ ਕਮਾਲ ਇਸ ਗੱਲ 'ਚ ਹੈ ਕਿ ਉਹ ਹੋਏ-ਬੀਤੇ ਨੂੰ ਬਿਆਨ ਹੀ ਨਹੀਂ ਕਰਦਾ, ਸਗੋਂ ਜਿਸ ਢੰਗ ਨਾਲ ਬਿਆਨ ਕਰਦਾ ਉਸ ਰਾਹੀਂ ਹੋਏ ਬੀਤੇ ਦੀਆਂ ਅੰਤਰ-ਤੈਹਾਂ ਦੀ ਸੂਹ ਮਿਲਦੀ ਰਹਿੰਦੀ ਹੈ। ਦੂਜੇ ਸ਼ਬਦਾਂ ਵਿਚ ਅਰਥਾਂ ਦੀ ਸਮਾਨਾਂਤਰ ਰੇਖਾ ਸਤਹੀ ਜਾਣਕਾਰੀ ਦੇ ਨਾਲੋ ਨਾਲ ਮੌਜੂਦ ਹੁੰਦੀ ਹੈ। ਅਜਿਹਾ ਸੂਖ਼ਮ ਢੰਗ ਨਾਲ ਵਾਪਰਦਾ ਹੈ। ਗਹਿਰੀ ਨੀਝ ਵਾਲਾ ਪਾਠਕ ਇਨ੍ਹਾਂ ਅੰਤਰ-ਤੈਹਾਂ ਨੂੰ ਮਹਿਸੂਸ ਕਰਦਾ ਹੈ। ਇਹ ਗੱਲ ਉਸ ਅੰਦਰ ਖਿੱਚ ਪੈਦਾ ਕਰਦੀ ਹੈ ਤੇ ਉਹ ਰਚਨਾ ਨਾਲ ਜੁੜਦਾ ਹੈ। ਰਚਨਾ ਦੀ ਪ੍ਰਵਚਨਾਤਮਿਕ ਅਹਿਮੀਅਤ ਇਸ ਦੀਆਂ ਮਹੀਨ ਤੈਹਾਂ ਵਿਚ ਹੁੰਦੀ ਹੈ। ਪਾਠਕ ਲੇਖਕ ਦੇ ਜੀਵਨ ਦੀਆਂ ਘਟਨਾਵਾਂ ਦਾ ਸੰਗੀ ਬਣਨ ਨਾਲੋਂ ਉਸ ਦੀ ਪ੍ਰਵਚਨਾਤਿਕਤਾ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ। ਇਹੀ ਸਵੈ-ਬਿਰਤਾਂਤ ਹੈ।

ਅਸਲ ਗੱਲ ਹੋਰ ਹੈ। ਉਹ ਇਹ ਕਿ ਆਲੇ ਦੁਆਲੇ ਸ਼ੋਰ ਹੈ। ਇਹ ਸ਼ੋਰ ਘਿਸ ਭਾਸ਼ਾ ਦਾ ਹੈ, ਮੌਖਿਕਤਾ ਦੇ ਪਾਸਾਰ ਦਾ ਹੈ। ਅਸੁਤੰਤਰ ਵਿਚਾਰਾਂ ਦਾ ਗਲਬਾ ਹੈ। ਸੱਚ+ਸੁੱਚ ਦੀ ਤਲਾਸ਼ ਵਾਲਾ ਸਾਹਿਤਕਾਰ ਅਵਚੇਤਨੀ ਪੱਧਰ 'ਤੇ ਸ਼ੋਰ ਦੇ ਮੁਹਾਜ਼ਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ। ਸ਼ੋਰ ਤੋਂ ਮੁਕਤ ਹੋਣਾ ਕਾਇਮ ਮੁਕਾਮ ਸੋਚ ਤੋਂ ਟੁੱਟਣਾ ਹੈ। ਅਜਿਹਾ ਕਰਨਾ ਸ਼ੋਰ ਦੀ ਤੈਹ ਵਿਚ ਧੁਰ ਕਿਤੇ ਬੈਠੀ ਹੋਈ ਚੁੱਪ ਦੀ ਥਾਹ ਪਾਉਣਾ ਹੈ। ਅਜਿਹੀ ਚੁੱਪ ਦੇ ਮੇਚ ਦੀ ਭਾਸ਼ਾ ਦਾ ਸਿਰਜਣ ਕਰਤਾਰੀ ਕਾਰਜ ਹੈ।

ਇਸ ਗੱਲ ਦੀ ਸਮਝ ਜੇ ਪੈ ਜਾਵੇ ਤਾਂ ਪੰਜਾਬੀ ’ਚ ਬਹੁਤੇ ਸਥਾਪਿਤ+ਆਭੂਸ਼ਿਤ ਸਾਹਿਤਕਾਰ ਘਿਸ ਭਾਸ਼ਾ ਦੇ ਲਿਖਣਕਾਰ ਦਿਖਾਈ ਦੇਣਗੇ। ਉਹ ‘ਵੱਡੇ’ ਘਿਸ ਭਾਸ਼ਾ ਦੇ ਸ਼ੋਰ ਦੇ ਆਸਰੇ ਬਣੇ ਹੋਏ ਹਨ। ਜਾਂ ਮੀਡੀਆ+ਆਭੂਸ਼ਨਾਂ ਦੇ ਆਸਰੇ, ਜੋ ਆਪਣੇ ਆਪ ਵਿਚ ਵਿਰਾਟ ਪੱਧਰ ਦਾ ਸ਼ੋਰ ਹੈ; ਤੇ ਰਚਨਾਤਮਿਕ ਚੁੱਪ ਦਾ ਹਨਨਕਾਰ।

ਸਾਹਿਤ ਦੀ ਸਮਝ ਆਪਣੇ ਆਪ ਵਿਚ ਭਾਸ਼ਾ ਹੈ : ਸਾਹਿਤ ਦੀ ਭਾਸ਼ਾ। ਇਸ ਵਿਚ ਸੁਸਿਖਿਅਤ ਆਮ ਲਿਖਣਕਾਰ ਨਹੀਂ ਹੁੰਦਾ। ਪਾਠਕ ਵੀ ਨਹੀਂ ਹੁੰਦਾ ਪਰ ਉਹਨੂੰ ‘ਸਾਹਿਤ ਦੀ ਭਾਸ਼ਾ’ ਰਾਹੀਂ ਹੋਈ ਉੱਤਮ ਬਣਤ ਦੀ ਪਛਾਣ ਹੁੰਦੀ ਹੈ। ਅਜਿਹਾ ਜੇ ਨਾ ਹੁੰਦਾ ਤਾਂ ਪੰਜਾਬੀ ਵਿਚ ਗੁਰੂ ਨਾਨਕ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਤੇ ਵੀਹਵੀਂ ਸਦੀ ਵਿਚ ਪੂਰਨ ਸਿੰਘ, ਸ਼ਿਵ ਕੁਮਾਰ, ਜਗਤਾਰ ਅਤੇ ਪਾਸ਼ ਵਰਗਿਆਂ ਦੀ ਪਛਾਣ ਉਸ ਕਦਰ ਨਾ ਹੁੰਦੀ ਜਿਵੇਂ ਅੱਜ ਇਹ ਹੈ।

ਅਸੀਂ ਉਸ ਦੌਰ ’ਚੋਂ ਗੁਜ਼ਰ ਰਹੇ ਹਾਂ ਜਦ ਪੰਜਾਬੀ ਦੇ ਲਿਖਣਕਾਰ ਆਪਣੇ ਸਮਿਆਂ ਦੀਆਂ ਤੈਹਾਂ ਕੁਰੇਦਣ ਦੇ ਸਮਰਥ ਨਹੀਂ ਰਹੇ। ਸਮੇਂ ਦੀਆਂ ਤੈਹਾਂ; ਮਾਨਵੀਂ ਪ੍ਰਚਲਣ ਦੀਆਂ ਅਵਚੇਤਨੀ ਤੈਹਾਂ, ਇਨ੍ਹਾਂ ਤੱਕ ਪੁੱਜਣ ਲਈ ਚੋਖੀ ਪ੍ਰਤਿਭਾ ਦੀ ਲੋੜ ਹੈ। ਅੱਜ ਪੰਜਾਬੀ ਲਿਖਣਕਾਰਾਂ ਦੀ ਨਿਗ੍ਹਾ ਇਸ ਉਚਾਈ ਤੱਕ ਪਹੁੰਚਣ ਵਲ ਨਹੀਂ। ਨਿਗ੍ਹਾ ਸਵੀਕਾਰਤਾ ਵਲ ਹੈ। ਪਾਠਕਾਂ ਨਾਲੋਂ ਵੱਧ ਸੱਤਾ ਤੋਂ ਸਵੀਕਾਰਤਾ! ਅਜਿਹੇ ਵਿਅਕਤੀ ਦੀ ਸਵੈ ਬਾਰੇ ਸਮਝ ਇਕਹਿਰੀ/ਸਰਲ ਹੋਵੇਗੀ; ਸੰਵਾਦੀ ਨਹੀਂ, ਇਕਾਲਾਪੀ ਹੋਵੇਗੀ। ਅਜਿਹੀ ਸਮਝ ਵਾਲੇ ਦੀ ਭਾਸ਼ਾ ’ਚੋਂ ਮਹੀਨ ਬੁੰਨਤਕਾਰੀ ਨਹੀਂ ਉਪਜਦੀ। ਨਾ ਤੈਹਾਂ ’ਚ ਲੁਪਤ ਚੁੱਪ ਦਾ ਅਗਰਭੂਮਣ ਹੁੰਦਾ ਹੈ। ਨਾ ਸਵੈ-ਸੰਦੇਹ ਉਪਜਦਾ। ਨਾ ਉਹ ਹੋਣੇ ਦੇ ਪ੍ਰਸੰਗਾਂ ਨੂੰ ਤਲਾਸ਼ਦਾ ਹੈ। ਅਜਿਹੇ ਲੇਖਕ ਟੈਕਸਟ ਸਿਰਜਕ ਨਹੀਂ ਕਹੇ ਜਾ ਸਕਦੇ। ਉਨ੍ਹਾਂ ਦਾ ਦਰਜਾ ਕਿਤਾਬਕਾਰ ਵਾਲਾ ਹੁੰਦਾ। ਟੈਕਸਟ ਆਪਣੇ ਸਮਿਆਂ ਤੋਂ ਪਾਰ ਜਾਣ ਵਾਲੀ ਲਿਖਤ ਹੁੰਦੀ ਹੈ।

ਜ਼ਹੀਨ ਪ੍ਰਤਿਭਾ ਵਾਲੇ ਸਾਹਿਤਕਾਰ ਮਨੁੱਖੀ ਵਿਹਾਰ ਦੀਆਂ ਤੈਹਾਂ ਤੱਕ ਪੁੱਜਣ ਵਾਲੇ ਹੁੰਦੇ ਹਨ। ਵਿਰਾਟ ਪੱਧਰ ’ਤੇ ਉਹ ਸਮਾਜਿਕਤ/ਸਭਿਆਚਾਰਕ ਜ਼ਮੂਦ ਦੀ ਗਹਿਰੀ ਪਛਾਣ ਕਰਦੇ ਹਨ। ਉਹ ਮਨੁੱਖੀ ਰਿਸ਼ਤਿਆਂ ਦੇ ਵਿਆਕਰਣ ਨੂੰ ਹੀ ਨਹੀਂ ਸਮਝਦੇ ਇਹਦੇ ਆਰਪਾਰ ਦੀਆਂ ਸ਼ਕਤੀਆਂ ਤੱਕ ਵੀ ਪਹੁੰਚਦੇ ਹਨ। ਉਹ ਸਮੇਂ ’ਚ ਧੜਕ ਰਹੀ ਤਬਦੀਲੀ ਨੂੰ ਸਮਝਦੇ ਹਨ। ਜਾਂ ਤਬਦੀਲੀ ਦੀ ਸੰਭਾਵਨਾ ਦਾ ਕਿਆਸ ਕਰਦੇ ਹਨ। ਅਜਿਹਾ ਕਰਦਿਆਂ, ਏਦਾਂ ਦੇ ਹੁੰਦਿਆਂ, ਉਨ੍ਹਾਂ ਦਾ ਅਨੁਭਵ ਅਸੀਮਤਾ ਵਲ ਦਾ ਹੋ ਜਾਂਦਾ ਹੈ। ਅਜਿਹਾ ਸਿਰਜਕ ਇਕ ਸਮਾਨਾਂਤਰ ਸੰਸਾਰ ਦਾ ਉਸਾਰ ਪ੍ਰਸਤੁਤ ਕਰਦਾ ਹੈ। ਹਰ ਯੁੱਗ ਨੂੰ ਅਜਿਹੇ ਸਿਰਜਕ ਦੀ ਤਲਾਸ਼ ਹੁੰਦੀ ਹੈ। ਅਜਿਹੇ ਸਿਰਜਕ ਦੀ ਤਲਾਸ਼ ਸਾਡੇ ਯੁੱਗ ਨੂੰ ਸਭ ਤੋਂ ਵੱਧ ਹੈ।

ਅਵਿਗਿਆਨਕ ਤੇ ਪੂਰਵ ਆਧੁਨਿਕ ਯੁੱਗ ’ਚ ਮਨੁੱਖੀ ਵਜੂਦ ਦੀ ਤਲਾਸ਼ ਕਰਨ ਵਾਲੇ ਪੁਰਸ਼ ਪੈਦਾ ਹੋਏ ਹਨ। ਸ਼ੈਕਸਪੀਅਰ ਇਸ ਦੀ ਬੁਲੰਦ ਮਿਸਾਲ ਹੈ। ਦਾਸਤੋਵਸਕੀ ਮਨੁੱਖੀ ਜ਼ਿਹਨ ਵਿਚ ਵਾਪਰਣ ਵਾਲੇ ਉੱਥਲ-ਪੁੱਥਲ ਦਾ ਨਿਪੁੰਨ ਲੇਖਾਕਾਰ ਸੀ। ਤਾਲਸਤਾਏ, ਚੈਖੋਵ, ਗੋਰਕੀ, ਵਿਕਟਰ ਹਿਊਗੋ - ਅਜਿਹੇ ਕਰਤਾਰੀ ਪੁਰਸ਼ ਯੁੱਗ-ਦਰ-ਯੁੱਗ ’ਚ ਕਾਇਮ ਰਹਿਣ ਵਾਲੇ ਸ਼ਬਦ ਬੀੜਦੇ ਹਨ।

ਰਚਨਾਕਾਰੀ ਦੀ ਵਿਕਾਸ-ਰੇਖਾ ਆਕਾਸ਼ੋਂ ਲੱਥਾ ਮਾੱਡਲ ਨਹੀਂ ਹੁੰਦਾ। ਇਸ ਨੂੰ ਅਵਚੇਤਨੀ ਤੌਰ ’ਤੇ ਰਚਨਾਕਾਰ ਨੇ ਵਿਸ਼ਵ ਭਰ ਵਿਚ ਪ੍ਰਚਲਿਤ ਮਾਡਲਾਂ ਤੋਂ ਗ੍ਰਹਿਣ ਕੀਤਾ ਹੁੰਦਾ ਹੈ। ਇਹ ਰਚਨਾਕਾਰ ਦੀ ਜੀਵਨ ਭਰ ਦੀ ਸਾਹਿਤਕ+ਭਾਸ਼ਕ ‘ਇਨਪੁੱਟ’ ਦਾ ਨਤੀਜਾ ਹੁੰਦਾ। ਸ਼ਬਦ ਚੇਤਨਾ, ਵਿਸ਼ਵ ਦ੍ਰਿਸ਼ਟੀ ਤੇ ਮਾਨਵੀ ਮੁੱਲ ਤਾਂ ਸਹਾਇਕ ਹੁੰਦੇ ਹੀ ਹਨ, ਪਰ ਅਹਿਮ ਗੱਲ ਕਰਤਾਰੀ ਪ੍ਰਸੰਗ ਵਿਚ ਵੱਖਰੀ ਸਪੇਸ ਤਿਆਰ ਕਰਨਾ ਹੈ। ਅਜਿਹੀ ਤਲਾਸ਼ ਹੀ ਰਚਨਾਕਾਰ ਨੂੰ ਕਿਤਾਬਕਾਰ ਤੋਂ ਵੱਖਰਾ ਖੜਾ ਕਰਦੀ ਹੈ। ਵੀਹਵੀਂ ਸਦੀ ਵਿਚ ਬਾਵਾ ਬਲਵੰਤ, ਸੰਤ ਸਿੰਘ ਸੇਖੋਂ, ਪਾਸ਼ ਅਜਿਹੇ ਰਚਨਾਕਾਰ ਸਨ। ਉਹਨਾਂ ਨੇ ਸਮੇਂ ਦੀ ਤਖ਼ਤੀ ’ਤੇ ਹਸਤਾਖਰ ਕੀਤੇ ਤੇ ਤੁਰ ਗਏ। ਕਿਤਾਬਕਾਰ ਸਨਮਾਨਿਤ ਹੁੰਦੇ ਰਹੇ, ਜਸ਼ਨ ਮਨਾਂਦੇ ਰਹੇ ਤੇ ਪਾਠਕਾਂ ਦੀਆਂ ਨਜ਼ਰਾਂ ਤੋਂ ਗਿਰ ਗਏ। ਸਮੇਂ ਦੇ ਚਿਤਰਪਟ ਤੋਂ ਆਪਣੇ ਜਿਉਂਦੇ ਜੀਅ ਕਿਰ ਗਏ।

***

ਸਵੈ ਬਾਰੇ ਲਿਖਣ ਲਈ ਸਵੈ ਨੂੰ ‘ਪਾਤਰ’ ਬਨਾਣਾ ਜ਼ਰੂਰੀ ਹੈ। ਸਵੈ-ਜੀਵਨੀ ਨੂੰ ਸਵੈ-ਬਿਰਤਾਂਤ ਕਹਿਣ ਦੀ ਲੋੜ ਵੀ ਇਸ ਕਰਕੇ ਹੀ ਹੈ। ਬਿਰਤਾਂਤਕਾਰ ਪਾਤਰ ਨੂੰ ‘ਕੰਸਟ੍ਰਕਟ’ ਕਰਦਾ ਤੇ ਇਹਦੇ ਅੰਦਰ ਲੱਥਦਾ ਹੈ। ਬੀਤ ਚੁੱਕੇ ਸਵੈ ਨੂੰ ਮੈਂ ਅੱਜ ਦੇ ਫਾਸਲੇ ਤੋਂ ਦੇਖਦਾ ਹਾਂ। ਫਾਸਲੇ ਕਰਕੇ ਬੀਤ ਚੁੱਕਾ ਮੇਰਾ ਹੋ ਕੇ ਵੀ ਪਰਾਇਆ ਹੈ। ਸਾਲਾਂ ਪਹਿਲੀ ‘ਮੈਂ’ ਦੀ ਪਦਾਰਥਿਕਤਾ

ਸਮੇਂ ਨਾਲ ਤਬਦੀਲ ਹੋ ਗਈ ਹੈ। ਏਹਨੂੰ ਮੈਂ ਦੂਰੀ ਤੋਂ ਪਰਖਦਾਂ ਤੇ ਇਹਦੇ ਬਾਰੇ ਚਿਤਵਨ ਕਰ ਸਕਦਾ ਹਾਂ। ਇਹਨੂੰ ਅੱਜ ਦੀ ਵਿੱਥ-ਸੂਝ ਤੋਂ ਉਸਾਰ ਸਕਦਾ ਹਾਂ। ਇਹਨੂੰ ਪਾਤਰ ਬਣਾ ਸਕਦਾਂ।

ਮੈਂ ਜਿਸ ਪਰਿਵਾਰ ਵਿਚ ਪੈਦਾ ਹੋਇਆ, ਸ਼ੁਰੂ 'ਚ ਹੀ ਉਸ ਤੋਂ ਟੁੱਟਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਉਸ ਕੁਝ ਨਾਲ ਜੁੜਣ ਦੀ ਤਲਬ ਰੱਖਣ ਲੱਗਾ ਜੋ ਮੌਜੂਦ ਨਹੀਂ ਸੀ। ਜੋ ਮੌਜੂਦ ਹੋ ਸਕਦਾ ਸੀ ਉਹਦੇ ਬਾਰੇ ਮੇਰੇ ਕਲਪ ਟੁੱਟਣ ਦੀ ਪ੍ਰਕ੍ਰਿਆ ਨੇ ਪੈਦਾ ਕੀਤੇ ਤੇ ਇਸ ਨੇ ਮੇਰੇ ਹੋਣੇ ਲਈ ਵੱਖਰੇ ਟ੍ਰੈਕ ਦੀ ਸੰਭਾਵਨਾ ਪੈਦਾ ਕਰ ਦਿੱਤੀ। ਮੈਨੂੰ ਵੱਡੇ ਦੇਖਦੇ ਤਾਂ ਕਹਿੰਦੇ, 'ਤੂੰ ਵੱਖਰਾ'। ਵੱਖਰਾ ਹੋਣ ਵਾਲਾ ਜੋਖ਼ਮ ਸਹੇੜਦਾ ਹੈ। ਮੈਂ ਨਿੱਕੀ ਉਮਰੇ ਜੋਖ਼ਮ ਸਹੇੜਦਾ ਰਿਹਾ; ਆਪਣੇ ਪਥ ਨੂੰ ਬਨਾਣ ਲਈ ਆਪੇ ਨੂੰ ਬਾਲਣ ਬਣਾਂਦਾ ਰਿਹਾ। ਵੱਖਰਾ ਹੋਣਾ, ਜੋਖ਼ਮ ਸਹੇੜਨਾ, ਵਾਪਰਣ ਦੀ ਪ੍ਰਕ੍ਰਿਆ ਹੈ। ਜ਼ਿੰਦਗੀ ਦੀ ਤੋਰ ਨਾਲ ਖਹਿਣਾ, ਦਵੰਦੀ ਪ੍ਰਚਲਣ ਹੈ। ਏਦਾਂ ਬੰਦਾ ਆਪਣੇ 'ਕਰਮ' ਦਾ ਬਣਤਕਾਰ ਬਣਦਾ ਹੈ।

ਵੱਖਰਾ ਹੋਣਾ, ਵੱਖਰਾ ਸੋਚਣਾ ਉਸ ਵਰਤਾਰੇ ਨਾਲ ਟਕਰਾਣਾ ਹੈ ਜੋ ਮਨੁੱਖ ਨੂੰ ਧੂਹੀ ਫਿਰਦਾ। ਵਰਤਾਰਾ ਉਹਦੇ ਦੁਆਲੇ ਮਕੜੀ ਦਾ ਜਾਲ ਬੁਣਦਾ ਤੇ ਉਹ ਆਪਣੇ ਅਸਲੇ ਤੋਂ ਦੂਰ ਹੋਈ ਜਾਂਦਾ, ਤੈਅਸ਼ੁਦਾ ਵਲਗਨਾਂ 'ਚ ਘਿਰ ਜਾਂਦਾ। ਜ਼ੱਕ ਲਾਕਾਂ ਇਸ ਨੂੰ ਪ੍ਰਚਲਿਤ ਭਾਸ਼ਾ ਦੇ ਟ੍ਰੈਪ ਵਿਚ ਆਉਣਾ ਕਹਿੰਦਾ।

ਵਹਾਅ ਤੋਂ ਵੱਖਰਾ ਤੁਰਨ ਵਾਲਾ ਮਨੁੱਖ ਆਪਣੇ 'ਹੋਣ' ਬਾਰੇ ਚੇਤਨ ਹੁੰਦੈ। ਉਹ ਉਸ ਸਿਸਟਮ ਬਾਰੇ ਚਿਤਵਦਾ ਜਿਸ ਨੇ ਵਲਗਨਾਂ ਪੈਦਾ ਕੀਤੀਆਂ ਹਨ। ਉਹ ਸੁਆਲ ਪੁੱਛਦਾ, ਸੰਦੇਹ ਕਰਦਾ। ਆਪਣੇ ਹੋਣੇ ਲਈ ਸਪੇਸ ਤਿਆਰ ਕਰਦਾ। ਉਹਦੀ ਜ਼ਿੰਦਗੀ ਦਾ ਵੱਖਰਾ ਟ੍ਰੈਕ ਤਿਆਰ ਹੋਣ ਲਗਦਾ। ਵੱਖਰੀ ਸਪੇਸ ਦੀ ਖਾਤਰ ਉਹ ਸਥਾਪਿਤ ਨਾਲ ਆਢਾ ਲਗਾਂਦਾ। ਏਦਾਂ ਕਰਦਿਆਂ ਜ਼ਖ਼ਮੀ ਹੁੰਦਾ, ਹਤਾਸ਼ ਲਮਹਿਆਂ 'ਚੋਂ ਗੁਜ਼ਰਦਾ, ਪਰ ਆਪਣੇ 'ਹੋਣੇ' ਦਾ ਬਣਤਕਾਰ ਬਣ ਜਾਂਦਾ। ਇਹੀ ਉਹਦੀ ਜ਼ਿੰਦਗੀ ਦੀ ਕਮਾਈ ਹੈ। ਇਹੀ ਉਸ ਦੀ ਮਿਹਨਤ ਹੈ ਤੇ ਇਹੀ ਮਿਹਨਤ ਦਾ ਸਿਲਾ।

ਹਰ ਰਚਨਾਕਾਰ ਵੱਖਰਾ ਹੁੰਦਾ; ਹਰ ਵੱਖਰਾ ਮਨੁੱਖ ਆਪਣੇ ਅੰਦਰ 'ਕਲਾਕਾਰ' ਹੋਣ ਦੀ ਸੰਭਾਵਨਾ ਸਮੋਈ ਬੈਠਾ ਹੁੰਦਾ। ਆਪਣੀ ਸਪੇਸ ਦੀ ਖਾਤਰ ਮੈਂ ਜੋ ਯੁੱਧ ਲੜੇ, ਇਹਦੇ ਬਾਰੇ ਹੀ ਮੈਂ ਲਿਖਣਾ ਚਾਹੁਨਾਂ। ਕਿੱਦਾਂ ਦੀ ਹੈ ਇਹ ਸਪੇਸ? ਮੇਰੇ ਹੋਣ ਦੀ ਟੈਕਸਟ ਕਿੱਦਾਂ ਦੀ ਹੈ? ਇਸ ਬਣਤ 'ਚ ਮੈਂ ਕਿੱਥੇ ਥਿੜਕਿਆ, ਕਿੱਥੇ ਟੁੱਟਾ, ਕਿੱਥੇ ਕਾਇਮ ਰਿਹਾ? ਅਜਿਹੀਆਂ ਤੈਹਾਂ ਨੂੰ ਫਰੋਲ ਕੇ ਗੁਰਬਚਨ ਨਾਂ ਦੇ ਪਾਤਰ ਦਾ ਉਸਾਰ ਪੈਦਾ ਹੋਈ ਜਾਣੈ।

ਮੈਂ ਜ਼ਿੰਦਗੀ ਦੇ 76 ਸਾਲ ਪੂਰੇ ਕਰ ਚੁੱਕਾਂ। ਇਹਦਾ ਬਣਤਕਾਰ/ਦਰਸ਼ਕ ਹਾਂ। ਦੁਨੀਆਂ 'ਚ ਜੋ ਵਾਪਰਦਾ ਰਿਹਾ, ਦਰਸ਼ਕ ਦੇ ਤੌਰ 'ਤੇ ਉਹਦਾ ਲੁਤਫ਼ ਲੈਂਦਾ ਰਿਹਾਂ। ਸੋਚ ਇਹ ਬਣੀ ਹੈ ਕਿ ਬੰਦੇ ਦਾ ਹੋਣਾ ਸੀਮਤ ਹੈ; ਮੇਰਾ ਹੋਣਾ ਸੀਮਤ ਹੈ। ਕਲਪਾਂ ਦੀ ਪੱਧਰ 'ਤੇ ਹੀ ਬੰਦਾ ਅਸੀਮ ਹੁੰਦਾ ਹੈ। ਕਲਪਾਂ ਵਿਚ ਨਵੀਨਤਾ ਦੇ ਬੀਜ ਹੁੰਦੇ ਹਨ। ਰਚਨਾਤਮਿਕਤਾ ਦਾ ਆਰੰਭ ਏਥੋਂ ਹੁੰਦਾ ਹੈ। ਸਥੂਲ ਵਿਹਾਰ 'ਚ ਆਮ ਮਨੁੱਖ ਆਪਣੇ ਤੱਕ ਸੀਮਤ ਰਹਿੰਦਾ ਹੈ। ਖ਼ੁਦ ਨੂੰ ਸੁਰੱਖਿਅਤ ਰੱਖਣ ਤੋਂ ਇਲਾਵਾ ਉਹਦਾ ਹੋਰ ਏਜੰਡਾ ਨਹੀਂ ਹੁੰਦਾ। ਅਨੇਕ ਪੱਧਰ 'ਤੇ ਉਹ ਤਨਾਵਾਂ 'ਚ ਘਿਰਦਾ ਤੇ ਤਨਾਵਾਂ ਤੋਂ ਮੁਕਤ ਹੋਣ ਲਈ ਰਣਨੀਤੀ ਤਿਆਰ ਕਰਦਾ ਹੈ।

ਮੈਂ ਕੁਝ ਵੀ ਨਾ ਹੁੰਦਾ, ਮੇਰੇ ਅੰਦਰਲੀ ਮਾਨਵੀ ਊਰਜਾ ਖ਼ੁਰਦ ਬੁਰਦ ਹੋ ਜਾਂਦੀ, ਵਿਹਾਰੀ ਜ਼ਿੰਦਗੀ ਦੀ ਘਿਸਰ ਜਾਂ ਖੇਹਕਾਰੀ ਮੇਰੇ ਹੋਣ ਨੂੰ ਜਜ਼ਬ ਕਰਦੀ, ਜੇ ਵੱਖਰੀ ਤਰ੍ਹਾਂ ਦੀ 'ਮਿਹਨਤ' ਦਾ ਰਾਹਗੀਰ ਨਾ ਬਣਦਾ। ਹਰ 'ਮਿਹਨਤ' ਇਕੋ ਤਰ੍ਹਾਂ ਦੀ ਨਹੀਂ ਹੁੰਦੀ। ਕਿਸ ਤਰ੍ਹਾਂ ਦੀ ਮਿਹਨਤ ਕਰਨੀ ਹੈ, ਇਹਦੀ ਫੈਸਲਾ ਮਨੁੱਖ ਆਪ ਕਰਦਾ। ਉਹ ਆਪਣੇ ਵਜੂਦੀ ਪੈਰਾਡਾਈਮ ਦਾ ਖ਼ੁਦ ਬਣਤਕਾਰ ਹੁੰਦਾ।

ਇਕ ਹੈ ਵਿਹਾਰੀ ਸੰਸਾਰ ਦੀ ਮਿਹਨਤ, ਇਸ ਨੂੰ ਅਸੀਂ ਦੁਨਿਆਵੀ ਸਫ਼ਲਤਾ ਨਾਲ ਗੁਣਗੁਣਾਂਦੇ ਹਾਂ। ਇਹ ਸਵੈ-ਸੁਰੱਖਿਅਤ ਹੋਣ ਵਾਲੀ 'ਮਿਹਨਤ' ਹੈ। ਇਸ ਪਥ ਦੀ 'ਮਿਹਨਤ' ਵਿਚ ਅਨੰਤ ਛਲਾਵੇ/ਭੁਲਾਵੇ ਹਨ। ਮੈਂ ਅਜਿਹਾ ਰਾਹ ਨਾ ਫੜਿਆ। ਪਹਿਲਾਂ ਮੈਂ ਵੱਖਰੇ ਰਾਹ ਦੀ ਖਾਤਰ ਮਿਹਨਤ ਕੀਤੀ ਜੋ ਸ਼ਬਦਾਂ ਦੀ ਤਲਾਸ਼ ਦੀ ਖਾਤਰ 'ਮਿਹਨਤ' ਵਿਚ ਤਬਦੀਲ ਹੋਈ। ਇਸ ਤਲਾਸ਼ ਦਾ ਕੋਈ ਸਿਖਰ ਨਹੀਂ। ਇਹਦੀ ਪੁਲਾਂਘ ਆਕਾਸ਼ ਜਿੰਨੀ ਉੱਚੀ ਵੀ ਹੋ ਸਕਦੀ ਹੈ। ਸਮੇਂ ਨਾਲ ਮੇਰਾ ਅਕੀਦਾ ਇਹ ਬਣ ਗਿਆ ਕਿ 'ਮਿਹਨਤ' ਦਾ ਦੂਜਾ ਨਾਂ ਮੁਹੱਬਤ ਹੈ, ਇਸ਼ਟ ਹੈ, ਸੱਚ+ਸੁੱਚ ਦੀ ਬਸਾਤ ਹੈ। ਇਹਦਾ 'ਪ੍ਰਾਪਤੀ' ਨਾਲ ਨਾਤਾ ਨਹੀਂ।

***

ਹੋਰਾਂ ਨਾਲ ਜੁੜ ਵੀ ਮੈਂ ਇਕੱਲਾ ਹਾਂ। ਭੀੜ 'ਚ ਵੀ ਇਕੱਲਾ। ਇਕੱਲਤਾ ਮੇਰੇ ਲਈ ਅਸੁਰੱਖਿਆ ਦਾ ਸਰੋਤ ਨਹੀਂ, ਇਹ ਊਰਜਿਤ ਕਰਦੀ ਹੈ। ਇਕੱਲਾ ਬੰਦਾ ਸੁਤੰਤਰ ਹੁੰਦਾ। ਇਕੱਲਤਾ 'ਚ ਬੰਦਾ ਆਪਣੀ ਜ਼ਮੀਰ ਨਾਲ ਸਲਾਹ-ਮਸ਼ਵਰਾ ਕਰ ਸਕਦਾ। ਸ਼ਬਦਕਾਰ ਇਕੱਲਾ/ਸੁਤੰਤਰ ਹੁੰਦਾ। ਸੁਤੰਤਰ-ਚਿੱਤ ਹੋਏ ਬਗ਼ੈਰ ਸ਼ਬਦਕਾਰੀ ਹਰਾਮ ਹੈ। ਪ੍ਰਵਾਨ ਹੋਣਾ, ਵਾਹਵਾਹ ਖੱਟਣੀ ਪਾਪੂਲਰ ਸ਼ਬਦਕਾਰੀ ਦਾ ਮੁਹਾਜ਼ ਹੈ, ਸਾਹਿਤਕਾਰੀ ਨਹੀਂ। ਬਹੁਤ ਕੁਝ ਜੋ ਲਿਖਿਆ ਜਾ ਰਿਹਾ ਮੇਰੀ ਸਮਝ ਉਹਦੇ ਨਾਲ ਸਮਝੌਤਾ ਨਹੀਂ ਕਰਦੀ।

ਰਿਸ਼ਤਿਆਂ 'ਚ ਸਮਝੌਤਾ ਅਨਿਵਾਰੀ ਹੁੰਦਾ ਹੈ। ਸਮਝੌਤਾ ਕਰਕੇ ਵੀ ਮੈਂ ਸਮਝੌਤੇ ਦੇ ਵਿਰੁੱਧ ਹੋ ਜਾਂਦਾ ਹਾਂ। ਕੋਈ ਪਲ ਆਉਂਦਾ ਕਿ ਅੰਤਹ ਬਗ਼ਾਵਤ ਕਰ ਦੇਂਦਾ। ਸਮਝੌਤਾ ਮੁੱਕ ਜਾਂਦਾ। ਰਿਸ਼ਤਾ ਟੁੱਟ ਜਾਂਦਾ। ਮੈਂ ਇਕੱਲਾ ਰਹਿ ਜਾਨਾਂ। ਇਕੱਲਾ ਹੀ ਰਹਿਣਾ ਚਾਹੁੰਨਾਂ। ਇਕੱਲਾ ਨਾ ਹੁੰਦਾ ਤਾਂ ਦੁਨੀਆਂ ਦਾ ਦਰਸ਼ਕ ਨਾ ਬਣ ਸਕਦਾ। ਨਾ ਆਪਣੇ ਆਪ ਨੂੰ ਦੇਖ ਸਕਦਾ; ਨਾ ਆਪਣੇ ਸਵੈ ਨੂੰ ਪਾਤਰ ਬਨਾਣ ਦੇ ਸਮਰਥ ਹੋ ਸਕਦਾ। ਇਕੱਲਤਾ ਆਪਣੇ ਆਪ ਨੂੰ ਦੇਖਣ ਲਈ ਸਪੇਸ ਮੁਹੱਈਆ ਕਰਦੀ ਹੈ। ਜ਼ਿੰਦਗੀ ਭਰ ਇਕੱਲੇਪਣ ਦਾ ਅਭਿਆਸ ਕਰਦਾ ਰਿਹਾ ਹਾਂ। ਹੋਰਾਂ ਸੰਗ ਲਮਹੇ ਗੁਜ਼ਾਰ ਕੇ ਵੀ ਇਕੱਲਤਾ ਹੰਢਾਂਦਾ ਰਿਹਾ ਹਾਂ। ਇਕੱਲੇ ਬੰਦੇ ਲਈ ਸਮਾਂ ਬਰਕਤ ਬਣ ਕੇ ਆਉਂਦਾ।

***

ਮੇਰਾ ਆਰੰਭ ਮਾਮੂਲੀ ਸੀ। ਇਸ ਮਾਮੂਲ 'ਚ ਗ਼ੈਰ-ਮਾਮੂਲੀ ਬੀਜ ਸਨ। ਹਰ ਪੱਖੋਂ ਬੁੜ੍ਹ-ਟੁੱਟ ਸੀ। ਸਿਫ਼ਰ ਦਰਜੇ ਤੋਂ ਉਡਾਨ ਭਰਨ ਦਾ ਜੋ ਕਮਾਲ ਹੈ ਉਹ ਮੈਂ ਆਪਣੇ ਹੱਡਮਾਸ ਨਾਲ ਹੰਢਾਇਆ ਹੈ। ''ਆਰੰਭ' ਨਾਲ ਟਕਰਾਣਾ ਔਖਾ ਨਹੀਂ ਸੀ। ਮੇਰੀਆਂ ਜੜ੍ਹਾਂ ਮਜ਼ਬੂਤ ਨਹੀਂ ਸਨ। ਮੇਰੇ ਮਾਤਾ ਪਿਤਾ ਆਪ ਜੜ੍ਹਹੀਣ ਪਿਛੋਕੜ ਤੋਂ ਸਨ। ਜੜ੍ਹਹੀਣ ਬੰਦੇ ਦੀ ਕਮਜ਼ੋਰੀ 'ਚ ਹੀ ਉਹਦੀ ਤਾਕਤ ਹੁੰਦੀ ਹੈ। ਉਹਨੇ ਨਵੀਂ ਸਪੇਸ ਦੀ ਤਲਾਸ਼ ਕਰਨੀ ਹੁੰਦੀ ਹੈ। ਆਪਣੇ ਹੋਣੇ ਦਾ ਬਣਤਕਾਰ ਬਣਨ ਦਾ ਹੀਆ ਮੈਂ ਕਰ ਸਕਿਆ। ਏਦਾਂ ਦੀ ਪ੍ਰਕਿਰਿਆ 'ਚ ਅਨੇਕ ਜਮ੍ਹਾਂ ਮਨਫ਼ੀਆ ਪੈਦਾ ਹੁੰਦੀਆਂ ਹਨ; ਇਹ ਮੇਰੀ ਬਣਤ ਦਾ ਹਿੱਸਾ ਬਣਦੀਆਂ ਗਈਆਂ।

ਜਿਸ ਘਰ ਵਿਚ ਪੈਦਾ ਹੋਇਆ ਉਹ ਘਰ ਨਹੀਂ ਅਘਰ ਸੀ। ਘਰ ਮਾਂ-ਬਾਪ ਦੀ ਆਪਸੀ ਸਾਂਝ ਤੋਂ ਸੱਖਣਾ ਸੀ। ਇਕ ਦੂਜੇ ਨੂੰ ਜੋੜਨ ਵਾਲੇ ਪਿਆਰ ਦੇ ਟਾਂਕੇ ਟੁੱਟੇ ਹੋਏ ਸਨ। ਉੱਧੜ ਗੁੱਧੜ ਇਸ ਆਰੰਭ ਤੋਂ ਮੈਂ ਕੀ ਲੈਣਾ ਸੀ? ਇਹ ਮੇਰੇ ਭਵਿੱਖ ਦਾ ਸਰੋਤ ਨਹੀਂ ਸੀ ਹੋ ਸਕਦਾ। ਜਿਵੇਂ ਜੀਵ ਜੰਤੂ ਹੁੰਦੇ ਹਨ, ਮਾਂ-ਬਾਪ ਉਨ੍ਹਾਂ ਨੂੰ ਪੈਦਾ ਕਰਦੇ ਹਨ ਤੇ ਉਹ ਆਪਣੇ ਆਸਰੇ ਵੱਡੇ ਹੋਣ ਲੱਗਦੇ ਹਨ।

ਮੇਰੇ ਬਾਪ ਦਾ ਹੋਣਾ ਕਰੋੜਾਂ ਹੋਰ ਬੇਜ਼ਿਕਰੇ ਬੰਦਿਆਂ ਵਰਗਾ ਸੀ, ਪਰ ਉਹਦੇ ਅੰਦਰ ਤੇਜੱਸਵ ਸੀ। ਉਸ ਪਾਸ ਕੋਈ ਦੁਨਿਆਵੀ ਵਸੀਲਾ ਨਹੀਂ ਸੀ। ਨਾ ਜ਼ਮੀਨ ਜਾਇਦਾਦ ਸੀ। ਨਾ ਕਾਰੋਬਾਰੀ ਵਿਰਸਾ, ਨਾ ਰਿਸ਼ਤੇਦਾਰਾਂ ਦਾ ਅੰਤਰਜਾਲ ਸੀ। ਉਹ ਮਿਹਨਤੀ ਵੀ ਨਹੀਂ ਸੀ ਪਰ ਦਿਮਾਗ਼ ਲਟਲਟ ਬਲਦਾ ਸੀ, ਜਿਸ ਨੂੰ ਉਹ ਸਕਾਰਥੀ ਢੰਗ ਨਾਲ ਵਰਤਣ ਦੇ ਸਮਰਥ ਨਾ ਹੋ ਸਕਿਆ। ਬੇਪਿਆਰ, ਬੇਪੁੱਛ ਨੇ ਉਹਨੂੰ ਬੇਲਗਾਮ, ਕਈ ਗੱਲਾਂ 'ਚ ਗ਼ੈਰ-ਜ਼ਿੰਮੇਵਾਰ/ਅਲਗਰਜ਼ ਬਣਾਇਆ। ਕਮਾਈ ਪੱਖੋਂ ਅਧੂਰਾ, ਆਰਪਾਰ ਦੀਆਂ ਗੱਲਾਂ 'ਚ ਤੇਜ਼ ਤਰੀਨ। ਵਸੀਲਾਹੀਣ ਹੋਣ ਦੇ ਬਾਵਜੂਦ ਉਹ ਚੜ੍ਹਦੀਆਂ ਕਲਾਂ 'ਚ ਰਹਿਣ ਵਾਲਾ ਮਨੁੱਖ ਸੀ। ਉਦਾਸ ਨਾ ਹੁੰਦਾ। ਨਾਚੀਜ਼ ਹੈਸੀਅਤ ਤੋਂ ਜ਼ਿਕਰਯੋਗ ਸ਼ੈਅ ਬਣਨ ਦਾ ਉਹਦੇ ਵਿਚ ਕਸਬ ਸੀ। ਅਜਿਹਾ ਬੰਦਾ ਆਪਣਾ ਆਪ ਹੀ ਦੇਖ ਸਕਦਾ, ਪਰਿਵਾਰ ਨਹੀਂ ਪਾਲ ਸਕਦਾ। ਉਹ ਵਿਆਹੁਤਾ ਜੀਵਨ ਦੇ ਉੱਕਾ ਅਯੋਗ ਸੀ। ਉਹਨੇ ਵਿਆਹ ਕੀਤਾ। ਜਾਂ ਵਿਆਹ ਕਰ ਦਿੱਤਾ ਗਿਆ। ਅਜਿਹੇ ਬੰਦੇ ਨੂੰ ਬੱਚੇ ਤਾਂ ਬਿਲਕੁਲ ਪੈਦਾ ਨਹੀਂ ਕਰਨੇ ਚਾਹੀਦੇ। ਉਹਨੇ ਛੇਅ ਬੱਚੇ ਪੈਦਾ ਕੀਤੇ। ਬੱਚਿਆਂ ਦੇ ਪਾਲਣ ਪੋਸ਼ਣ ਲਈ ਕਮਾਈ ਦੀ ਜੋ ਜ਼ਰੂਰਤ ਸੀ ਇਹ ਕੰਮ ਮੇਰਾ ਬਾਪ ਨਾ ਕਰ ਸਕਿਆ, ਨਾ ਅਜਿਹਾ ਕਰਨ ਦੀ ਉਹਦੇ ਵਿਚ ਕਾਬਲੀਅਤ ਸੀ। ਮਾਂ ਮੇਰੇ ਬਾਪ ਨਾਲ ਵਿਆਹ ਹੋਣ ਦੀ ਸਥਿਤੀ ਤੋਂ ਹੀ ਖ਼ਫ਼ਾ ਸੀ। ਉਹਨੂੰ ਅਜਿਹਾ ਪਤੀ ਚਾਹੀਦਾ ਸੀ ਜੋ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਦਾ। ਉਹ ਸਮਾਜਿਕ ਮੁੱਖਧਾਰਾ ਤੋਂ ਦੂਰ ਹੁੰਦਾ ਗਿਆ। ਘਰੋਂ ਕਮਾਈ ਦੇ ਬਹਾਨੇ ਦੂਰ ਦੇਸ਼ ਦੇਸ਼ਾਂਤਰਾਂ 'ਚ ਘੁੰਮਦਾ ਰਹਿੰਦਾ - ਕਲਕਤਾ, ਬੰਬਈ, ਮਦਰਾਸ, ਆਸਾਮ। ਮਹੀਨਿਆਂ ਬਾਅਦ ਘਰ ਆਉਂਦਾ ਤਾਂ ਅਸੀਂ ਸੋਚਦੇ ਪ੍ਰਾਹੁਣਾ ਆਇਆ ਹੈ। ਕੁਝ ਦਿਨਾਂ ਬਾਅਦ ਚਲਾ ਜਾਂਦਾ। ਉਹਦੀ ਸਥਿਤੀ ਤ੍ਰਾਸਦ ਹੁੰਦੀ ਗਈ। ਉਹ 'ਆਊਟਸਾਈਡਰ' ਬਣਿਆ ਰਿਹਾ; ਦੇਸੀ ਤਰਜ਼ ਦਾ 'ਆਊਟਸਾਈਡਰ'।

ਇਹ ਉਸ ਦੌਰ ਦੀਆਂ ਗੱਲਾਂ ਹਨ ਜਦ ਪੰਜਾਬ ਦੇ ਸ਼ਹਿਰਾਂ 'ਚ ਮੁੰਡੇ ਕਾਲਜਾਂ ਯੂਨੀਵਰਸਟੀਆਂ 'ਚ ਪੜ੍ਹ ਕੇ ਐਂਜੀਨਿਅਰ ਵਕੀਲ ਪ੍ਰੋਫੈਸਰ ਜਾਂ ਅਕਾਊਂਟੈਂਟ ਬਣਦੇ ਸਨ। ਲਾਹੌਰ ਦਾ ਸਰਕਾਰੀ ਕਾਲਜ ਤਾਕਤ 'ਚ ਆ ਰਹੀ ਮੱਧਲੀ ਜਮਾਤ ਲਈ ਖਿੱਚ ਦਾ ਕੇਂਦਰ ਸੀ। ਜਾਂ ਕਾਰੋਬਾਰਾਂ ਵਿਚ ਖੁੱਭ ਕੇ ਜਾਇਦਾਦ ਬਣਾਂਦੇ ਸਨ। ਅਜਿਹੇ ਪ੍ਰਸੰਗ! 'ਚ ਮੇਰਾ ਬਾਪ ਕਿਤੇ ਵੀ ਨਹੀਂ ਸੀ ਖੜਦਾ।

***

ਬਚਪਨ ਪੂਰੀ ਤਰ੍ਹਾਂ ਮਾੜਾ ਕਿਸੇ ਦਾ ਵੀ ਨਹੀਂ ਹੁੰਦਾ। ਇਸ ਆਯੂ ਦੀ ਆਭਾ ਰੱਬੀ ਹੁੰਦੀ ਹੈ। ਮਾੜੇ ਦਿਨ ਮਾੜੇ ਨਹੀਂ ਲੱਗਦੇ। ਹੋਣ ਦੀ ਖੁੱਲ੍ਹ ਮਿਲਣੀ ਸਭ ਤੋਂ ਵੱਡੀ ਖੁਸ਼ੀ ਹੁੰਦੀ ਹੈ। ਮਨੁੱਖ ਨੂੰ ਇਹੀ ਪ੍ਰਾਪਤ ਨਹੀਂ। ਮਾਂ ਬਾਪ ਬੱਚੇ ਨੂੰ ਆਪਣੇ ਇਰਾਦਿਆਂ ਮੁਤਾਬਿਕ ਕਿਉਂ ਢਾਲਣਾ ਚਾਹੁੰਦੇ ਹਨ? ਉਹਨੂੰ ਸੁਰੱਖਿਆ ਦੇਂਦੇ ਹਨ ਤਾਂ ਇਹਦੀ ਕੀਮਤ ਉਹ ਬੱਚੇ ਨੂੰ ਆਪਣੇ ਇਰਾਦੇ ਦੇ ਅਨੁਸਾਰੀ ਬਣਾ ਕੇ ਲੈਂਦੇ ਹਨ। ਇਸ ਗੱਲੋਂ ਮੈਂ ਬਚਿਆ ਰਿਹਾ। ਮੇਰੀ ਪ੍ਰਵਾਹ ਕਰਨ ਵਾਲਾ ਕੋਈ ਨਹੀਂ ਸੀ; ਨਾ ਕੋਈ ਸੁਰੱਖਿਆ ਦੇਣ ਵਾਲਾ ਸੀ; ਨਾ ਮੇਰੀਆਂ ਲੋੜਾਂ ਪੂਰੀਆਂ ਕਰਨ ਵਾਲਾ ਸੀ। ਫ਼ਾਇਦਾ ਇਹ ਹੋਇਆ ਕਿ ਮੈਨੂੰ ਕਿਸੇ ਦੇ ਇਰਾਦੇ ਦਾ ਅਨੁਸਾਰੀ ਹੋਣਾ ਨਹੀਂ ਪਿਆ। ਮੈਂ ਨਿੱਕੇ ਹੁੰਦੇ ਹੀ ਸੁਤੰਤਰ ਹੋਣ ਦਾ ਜੋਖ਼ਮ ਸਹੇੜ ਲਿਆ। 'ਹੋਣ' ਲਈ ਕੋਈ ਹੋਰ ਵਿਅਕਤੀ ਮੇਰੇ ਲਈ ਮਾਡਲ ਨਾ ਬਣਿਆ। ਮੈਂ ਆਪਣਾ ਮਾਡਲ ਆਪ ਬਣਿਆ, ਮਾੜਾ ਚੰਗਾ।

ਬਚਪਨ 'ਚ ਅਕਸਰ ਹਤਾਸ਼ ਹੋ ਜਾਂਦਾ। ਇਹਨੇ ਮੈਨੂੰ ਕਮਜ਼ੋਰ ਕੀਤਾ। ਵਕਤ ਨਾਲ ਕਮਜ਼ੋਰੀ ਮਜ਼ਬੂਤੀ 'ਚ ਤਬਦੀਲ ਹੋ ਗਈ। ਆਉਣ ਵਾਲੇ ਦਿਨਾਂ ਦੇ ਲੱਖਣ ਇਸ ਮਜ਼ਬੂਤੀ ਰਾਹੀਂ ਤਿਆਰ ਹੋਣ ਲੱਗੇ। ਸਕੂਲ 'ਚ ਤੇਜ਼ ਤਰਾਰ ਨਹੀਂ ਸੀ, ਇਰਦ ਗਿਰਦ ਨੂੰ ਸਮਝਣ ਪਰਖਣ ਬਾਰੇ ਤਿੱਖਾ ਸੀ। ਸੁਆਲ ਕਰਨ ਦੀ ਆਦਤ ਪੈਦਾ ਹੋ ਗਈ। ਏਦਾਂ ਦਾ ਬੰਦਾ, ਮੇਰੇ ਜਿਹਾ, ਮੁੱਖਧਾਰਾ ਦੇ ਖਿਲਾਫ਼ ਹੋ ਜਾਂਦਾ ਹੈ। ਦਾਸਤਾ ਸਹਿਣ ਨਾ ਕੀਤੀ। ਰਿਸ਼ਤਿਆਂ ਨੂੰ ਕਾਇਮ ਰੱਖਣ ਲਈ ਜਿਸ ਤਰ੍ਹਾਂ ਦੀ ਲਚਕ/ਖੋਟ ਦੀ ਲੋੜ ਹੁੰਦੀ ਹੈ, ਉਹਦੀ ਸੰਭਾਵਨਾ ਖਤਮ ਹੋ ਗਈ। ਕਾਫ਼ਲੇ ਤੋਂ ਦੂਰ ਖੜ ਕੇ ਸੌਖਾ ਸਾਹ ਆਉਣ ਲੱਗਾ। ਜੇ ਭੀੜ ਨਾਲ ਜੁੜਦਾ, ਇਹਦੀ ਸੋਚ ਦਾ ਅਨੁਸਾਰੀ ਹੁੰਦਾ, ਤਾਂ ਅੰਦਰਲਾ ਤੰਤ ਮੁੱਕ ਗਿਆ ਹੁੰਦਾ। ਏਦਾਂ ਦਾ ਬੰਦਾ ਔਖ ਸਹਿਣ ਕਰ ਲੈਂਦਾ ਪਰ ਆਵਾਜ਼ ਆਪਣੀ ਜ਼ਮੀਰ ਦੀ ਸੁਣਦਾ। ਜੀਣ ਥੀਣ ਲਈ ਮੈਨੂੰ ਜੋ ਸਮਝੋਤੇ ਕਰਨੇ ਪਏ ਉਨ੍ਹਾਂ ਨਾਲ ਲੜਾਈ ਕਰਦਾ ਮੈਂ ਵੱਡਾ ਹੋਇਆ। ਸਮਝੋਤਿਆਂ ਨੇ ਕੋਫ਼ਤ ਪੈਦਾ ਕੀਤੀ। ਸਮਝੋਤੇ ਵਾਲੇ ਰਿਸ਼ਤੇ ਤੋਂ ਖਾਰਜ ਹੋਣਾ ਤੈਅ ਹੁੰਦਾ ਗਿਆ। ਬੰਦੇ ਜੋ ਚੰਗੇ ਲੱਗੇ, ਉਨ੍ਹਾਂ ਨਾਲ ਜੁੜਿਆ, ਲੰਮੀ ਦੇਰ ਤੱਕ ਰਿਸ਼ਤਾ ਫਿਰ ਵੀ ਕਾਇਮ ਨਾ ਰਹਿ ਸਕਿਆ। ਜੁੜ ਕੇ ਟੁੱਟਦਾ ਰਿਹਾ। ਉਨ੍ਹਾਂ ਨਾਲੋਂ ਵੀ ਟੁੱਟ ਗਿਆ ਜਿਨ੍ਹਾਂ ਤੋਂ ਦਿਲ ਟੁੱਟਣ ਦਾ ਨਹੀਂ ਸੀ ਕਰਦਾ।

ਘਰ ਤੋਂ ਟੁੱਟਣਾ ਮੇਰੇ ਅਵਚੇਤਨ 'ਚ ਅਲਸਾਂਦਾ ਰਿਹਾ। 'ਅੱਜ' 'ਚ ਰਹਿੰਦਿਆਂ ਇਸ ਤੋਂ ਪਾਰ ਜਾਣ ਦੀ ਤਾਂਘ ਕਦੇ ਨਾ ਮੁੱਕੀ। ਮੈਨੂੰ ਨਹੀਂ ਸੀ ਪਤਾ ਮੇਰਾ ਕੱਲ੍ਹ ਕੀ ਹੋਵੇਗਾ। ਇਹੀ ਪਤਾ ਸੀ ਕਿ ਅੱਜ ਹੋਣ ਯੋਗ ਨਹੀਂ ਹੈ। ਇਹਦੇ ਤੋਂ ਪਾਰ ਜਾਣਾ ਹੈ। ਮੇਰਾ ਭਵਿੱਖ ਕੀ ਹੈ? ਇਹਦੇ ਬਾਰੇ ਮੈਂ ਕਦੇ ਨਾ ਸੋਚਦਾ। ਜਿਵੇਂ ਕੋਈ ਵਸਤ ਨਿਤ ਗਤੀ 'ਚ ਰਹਿੰਦੀ ਹੈ। ਜਾਂ ਤੁਰਨਾ ਹੀ 'ਹੋਣਾ' ਹੈ। ਹੁਣ ਤੋਂ ਪਾਰ ਬਾਰੇ ਸੋਚਣਾ ਹੀ ਹੁਣ ਨੂੰ ਦੇਖਣਾ ਹੈ। ਦੂਸਰੇ ਕਿਨਾਰੇ ਦੀ ਤਲਾਸ਼ ਹੀ ਕਿਨਾਰਾ ਹੈ। ਇਸ ਬਿਰਤੀ ਦਾ ਮੁੱਢ ਆਰੰਭ ਤੋਂ ਟੁੱਟਣ 'ਚ ਪਿਆ ਹੋਇਆ। ਮੈਂ ਅੰਮ੍ਰਿਤਸਰ ਸ਼ਹਿਰ ਨੂੰ ਆਪਣਾ ਹੋਣ-ਖੇਤਰ ਬਣਾ ਲਿਆ। ਆਖਿਰ ਮੈਂ ਇਸ ਤੋਂ ਵੀ ਟੁੱਟ ਗਿਆ।

ਅੱਜ ਦੇ ਫਾਸਲੇ ਤੋਂ ਬੀਤੇ ਦਿਨਾਂ ਬਾਰੇ ਸੋਚਦਾਂ ਤਾਂ ਲੱਗਦਾ ਆਪਣੇ 'ਆਰੰਭ' ਤੋਂ ਟੁੱਟਣ ਕਰਕੇ ਹੀ ਮੇਰਾ ਹੋਣਾ ਕਾਇਮ ਹੈ। ਵਰਨਾ ਗੁਆਚ ਜਾਂਦਾ, ਖੇਹਕਾਰੀ 'ਚ ਭਸਮ ਹੋ ਜਾਂਦਾ। ਅਲਪ ਸਥਾਨਿਕਤਾ 'ਚ ਖੁੱਭ ਕੇ ਖਪਤ ਹੋ ਜਾਂਦਾ। ਮੈਨੂੰ ਆਪ ਹੀ ਆਪਣੇ ਹੋਣ ਬਾਰੇ ਪਤਾ ਨਾ ਲੱਗ ਸਕਦਾ। 'ਆਰੰਭ' ਤੋਂ ਟੁੱਟ ਕੇ ਹੀ ਮੈਂ ਆਪਣੀ ਬਣਤ 'ਚ ਸ਼ਰੀਕ ਹੋ ਸਕਦਾ ਸੀ, ਸੁਤੰਤਰ ਪਥ 'ਤੇ ਤੁਰਨ ਦਾ ਤਸੱਵਰ ਪਾਲ ਸਕਦਾ ਸੀ।

***

ਮਿਡਲ ਕਲਾਸੀ ਖੇਹਕਾਰੀ 'ਚ ਆਮ ਮਨੁੱਖ ਦੀ ਜ਼ਿੰਦਗੀ ਦਾ ਕਾਫ਼ੀ ਹਿੱਸਾ ਗੁਜ਼ਰਦਾ, ਓਦਾਂ ਮੇਰਾ ਵੀ ਗੁਜ਼ਰਿਆ, ਪਰ ਸੋਚ ਹੁਣ ਇਹ ਹੈ ਕਿ ਸਮਾਂ ਓਦਾਂ ਗੁਜ਼ਰਨਾ ਨਹੀਂ ਸੀ ਚਾਹੀਦਾ। ਜ਼ਿੰਦਗੀ ਦਾ ਸਿਲਸਿਲਾ ਕਾਇਮ ਰੱਖਣ ਲਈ ਬੰਦੇ ਨੂੰ ਜੋ ਕਰਨਾ ਪੈਂਦਾ, ਨੌਕਰੀ, ਵਿਆਹ, ਬੱਚੇ ਆਦਿ, ਮੈਂ ਕੀਤਾ। ਇਸ ਖੇਹਕਾਰੀ ਤੋਂ ਬਾਦ ਕੁਝ ਹੋਰ ਜੋ ਕੀਤਾ, ਜੋ ਲਿਖਿਆ, ਉਹਦੇ ਰਾਹੀਂ ਆਪਣਾ ਆਪ ਬਚਾਇਆ। ਹੋਰ ਕੁਝ ਨਾ ਕੀਤਾ।

ਜ਼ਿੰਦਗੀ ਭਰ ਨੌਕਰੀ ਏਦਾਂ ਕੀਤੀ ਜਿਵੇਂ ਸਮਝੌਤਾ ਕਰੀਦਾ ਹੈ। ਸਮਝੌਤੇ ਵਾਂਗ ਵਿਆਹ ਕੀਤਾ, ਬੱਚੇ ਵੱਡੇ ਕੀਤੇ। ਤਿੰਨ ਦਹਾਕੇ ਤੋਂ ਵੱਧ ਸਮੇਂ ਤੱਕ ਵਿਦਿਆਰਥੀਆਂ ਨੂੰ ਪੜ੍ਹਾਣ ਦਾ ਕੰਮ ਕਰਦਾ ਰਿਹਾ, ਇਹ ਸਮਾਂ ਵੀ ਲਾਚਾਰੀ ਵਾਂਗ ਗੁਜ਼ਾਰਿਆ। ਢੇਰ ਡਿਗਰੀਆਂ ਪ੍ਰਾਪਤ ਕੀਤੀਆਂ। ਵਰ੍ਹਿਆਂ ਤੱਕ ਲਾਇਬ੍ਰੇਰੀਆਂ ਵਿਚ ਮਿਹਨਤ ਕੀਤੀ। ਇਹਦਾ ਉੱਤਰ ਮੇਰੇ ਕੋਲ ਨਹੀਂ ਕਿ ਮੈਂ ਇਹ ਸਭ ਕਿਉਂ ਕੀਤਾ। ਬੇਸ਼ੱਕ ਇਹ ਮਿਹਨਤ ਮੇਰੇ ਵਜੂਦ ਦੀ ਬਣਤ ’ਚ ਜਮ੍ਹਾਂ ਹੁੰਦੀ ਗਈ। ਵਿਚ-ਵਿਚਾਲੇ ਲਿਖਦਾ ਰਿਹਾ ਕਿ ਖੇਹਕਾਰੀ ’ਚ ਧੱਸਦਾ ਨਾ ਜਾਵਾਂ। ਇਰਦ ਗਿਰਦ ਦੀ ਸਥੂਲਤਾ ਤੋਂ ਪਾਰ ਜਾਣ ਦੀ ਇੱਛਾ ਦੇ ਬਾਵਜੂਦ ਇਹਦੀ ਕੈਦ ’ਚੋਂ ਬਾਹਰ ਨਾ ਨਿਕਲ ਸਕਿਆ। ਰੁਟੀਨੀ ਕਾਰਿਆਂ ਦੇ ਬੋਝ ਨੇ ਸਪੇਸ ਘੇਰੀ ਰੱਖੀ। ਜੋ ਤਸੱਵਰ ਉੱਗਦੇ ਰਹੇ ਉਹੀ ਮੇਰੇ ਹੋਣ ਦਾ ਸੱਚ ਸਨ; ਉਹ ਸੱਚ ਦੱਬਿਆ ਪਿਆ। ਉਹਨੂੰ ਮੈਂ ਮੁੜ ਜੀਵੰਤ ਕਰਨਾ ਚਾਹੁਨਾਂ।

***

ਜ਼ਿੰਦਗੀ ਦਾ ਰਾਹ ਜੇ ਰੋਸ਼ਨੀ ਵਲ ਨਹੀਂ ਜਾਂਦਾ ਤਾਂ ਬੰਦਾ ਖੇਹਕਾਰੀ ’ਚ ਅਭੇਦ ਹੋਣ ਲੱਗਦਾ ਹੈ। ਖੇਹ ਮਨੁੱਖ ਦੇ ਹਰ ਸਾਹ ਦੁਆਲੇ ਖਿਲਰੀ ਪਈ ਹੈ; ਇਹਦੀ ਆਪਣੀ ਸਥੂਲਤਾ ਹੈ। ਬਾਜ਼ਾਰ ਖੇਹਕਾਰੀ ਦੀ ਸਪੇਸ ਹੈ, ਇਸ ਸਪੇਸ ਦੀ ਜਕੜ ਅਤੁੱਟ ਹੈ। ਬਾਜ਼ਾਰ ਦੇ ਮੁੱਲ ਘਰ ਦੇ ਮੁੱਲਾਂ ’ਤੇ ਹਾਵੀ ਹੋ ਰਹੇ ਹਨ। ਘਰ ਦਾ ਬਦਲ ਬਾਜ਼ਾਰ ਨਹੀਂ; ਨਾ ਬਾਜ਼ਾਰ ਦਾ ਬਦਲ ਘਰ ਰਹਿ ਗਿਆ ਹੈ। ਅੱਜ ਕੱਲ੍ਹ ਘਰ ਵੀ ਬਾਜ਼ਾਰ ਦਾ ਪਰਤੌ ਬਣ ਚੁੱਕੇ ਹਨ। ਬਾਜ਼ਾਰ ਦੀ ਸਥੂਲਤਾ ’ਚ ਗੱਡੇ ਬੰਦੇ ਦਾ ਚਿੱਤ/ਚੇਤਨ ਕਿਸੇ ਹੋਰ ਸਪੇਸ ਨਾਲ ’ਰਿਲੇਟ’ ਨਹੀਂ ਹੁੰਦਾ। ਬਾਜ਼ਾਰ ਦੀ ਚਮਕ ਝਿਲਮਿਲੀ, ਸਤਹੀ, ਸਥੂਲੀ ਹੈ। ਸੰਵੇਦਨਾ ਵਾਲੇ ਮਨੁੱਖ ਨੂੰ ਘਰ ਦੀ ਸਪੇਸ ਸੁੰਘੇੜਦੀ ਹੈ ਤੇ ਬਾਜ਼ਾਰ ਦੀ ਸਪੇਸ ਖੁਆਰ ਕਰਦੀ ਹੈ।

ਕੈਸੀ ਜ਼ਿੰਦਗੀ ਹੈ ਇਹ? ਇਹ ਸੁਆਲ ਜਾਂ ਪੌਲ ਸਾਰਤਰ ਦੇ ਸਾਹਮਣੇ ਵੀ ਸੀ। ਆਲਬੇਰ ਕਾਮੂ ਨੇ ਵੀ ਇਸ ਸੁਆਲ ਬਾਰੇ ਚਿੰਤਨ ਕੀਤਾ। ਅਨੰਤ ਸਮਿਆਂ ਤੋਂ ਮਨੁੱਖ ਇਸ ਸੁਆਲ ’ਤੇ ਮਿਹਨਤ ਕਰਦਾ ਆ ਰਿਹਾ ਹੈ। ਆਧੁਨਿਕ ਯੁੱਗ ’ਚ ਇਸ ਸੁਆਲ ਉੱਤੇ ਉਵੇਂ ਮਿਹਨਤ ਨਹੀਂ ਹੁੰਦੀ ਜਿਵੇਂ ਮੱਧ-ਯੁੱਗ ’ਚ ਹੁੰਦੀ ਸੀ। ਧਰਮ ਇਸ ਕਰਕੇ ਹੀ ਮੱਧ-ਯੁੱਗੀ ਵਰਤਾਰਾ ਹੈ ਕਿ ਮਨੁੱਖ ਪਾਸ ਰੱਬ ਸੀ ਜੋ ਅਨੰਤ ਸੁਆਲਾਂ ਨੂੰ ਸੁਲਝਾਣ ਦਾ ਮੋਰੀ ਰਾਹ ਸੀ। ਉਦੋਂ ‘ਰੱਬ’ ਨਾ ਹੁੰਦਾ ਤਾਂ ਮਨੁੱਖ ਖੇਹਕਾਰੀ ’ਚ ਸਮੇਟਿਆ ਜਾਂਦਾ। ਪੂੰਜੀਵਾਦ ਨੇ ਪਹਿਲਾਂ ਰੱਬ ਦੀ ਮੌਤ ਦਾ ਐਲਾਨ ਕੀਤਾ, ਫਿਰ ਮਨੁੱਖ ਨੂੰ ਆਪਣੀ ਲਪੇਟ ਵਿਚ ਲੈ ਲਿਆ। ਉਸ ਤੋਂ ਬਾਅਦ ਸੋਵੀਅਤ ਯੂਨੀਅਨ ਰਾਹੀਂ ਮਾਰਕਸਵਾਦ ’ਤੇ ਧਾਵਾ ਬੋਲ ਦਿੱਤਾ। ਪਿੱਛੇ ਕੀ ਬਚਿਆ?

***

ਮੈਂ ਨਹੀਂ ਜਾਣਦਾ ਮੈਂ ਸਾਹਿਤਕਾਰ ਹਾਂ। ਕਿੰਨੇ ਚਿਰ ਤੋਂ ਮੈਂ ਲਿਖ ਰਿਹਾਂ। ਮੇਰੇ ਕੋਲ ਸ਼ਬਦ ਬੀੜਨ ਦਾ ਕਸਬ ਹੈ। ਇਹਦੀ ਖਾਤਰ ਮੈਂ ਮਿਹਨਤ ਕੀਤੀ ਹੈ। ਮੈਂ ਜਾਣਦਾਂ ਮੈਂ ਵੱਖਰਾ ਲਿਖਦਾਂ, ਵਰਨਾ ਲਿਖਣਾ ਬੰਦ ਕਰ ਦੇਂਦਾ। ਕਿਸੇ ਪ੍ਰਾਪਤੀ ਦੀ ਖਾਤਰ ਨਹੀਂ ਲਿਖਦਾ। ਵੱਡਾ ਲੇਖਕ ਬਣਨ ਦੀ ਖਾਤਰ ਨਹੀਂ ਲਿਖਦਾ। ਨਿੱਜੀ ਤਸੱਲੀ ਦੀ ਖਾਤਰ ਲਿਖਦਾਂ। ਸੱਚ ਨੂੰ ਲੱਭਣ ਦੀ ਖਾਤਰ ਲਿਖਦਾਂ। ਆਪੇ ਨੂੰ ਜਾਣਨ ਦੀ ਖਾਤਰ ਲਿਖਦਾਂ। ਹੋਰਾਂ ਨੂੰ ਸਮਝਣ ਦੀ ਖਾਤਰ ਲਿਖਦਾਂ। ਮੈਂ ਲਿਖਦਾਂ ਕਿ ਲਿਖਣਾ ਹੀ ਮੇਰਾ ਕਰਮ ਹੈ; ਇਹਦੇ ਰਾਹੀਂ ਮੈਂ ਕਾਇਮ ਹੋਇਆ ਮਹਿਸੂਸ ਕਰਦਾਂ। ਜੇ ਲਿਖਤ ਰਾਹੀਂ ਪਾਠਕ ਦੀ ਸੋਚ ’ਚ ਫ਼ਰਕ ਪੈਂਦਾ, ਲਿਖਣ ਦਾ ਇਹੀ ਸਿਲਾ ਹੈ।

ਪ੍ਰਾਪਤੀ ਤੇ ਸਫ਼ਲਤਾ ਦਾ ਨਾਤਾ ਉਸ ਸੰਸਾਰ ਨਾਲ ਹੈ ਜਿਸ ਨੂੰ ਸਾਹਿਤਕਾਰ ਰੱਦ ਕਰਦਾ ਹੈ। ਸਾਹਿਤਕਾਰ ਜਾਂ ਕਲਾਕਾਰ ਹੋਰਾਂ ਤੋਂ ਵੱਖਰਾ ਹੁੰਦਾ ਹੈ। ਮੈਂ ਆਪਣੇ ਵਰਗਾ ਇਸ ਲਈ ਰਹਿਣਾ ਚਾਹੁਨਾਂ ਕਿ ਇਹਦੀ ਬਣਤ ਮੈਂ ਹੰਢਾਈ ਹੈ। ਇਹੀ ਮੇਰੀ ਕਮਾਈ ਹੈ। ਭੀੜ ਨਾਲ ਖੜ੍ਹਨ ਵਾਲੇ ਲੇਖਕ ਨਹੀਂ ਬਣਦੇ। ਭੀੜ ਨੂੰ ਮੋਹਿਤ ਮਜ੍ਹਮਾ ਲਾਉਣ ਵਾਲੇ ਵੀ ਕਰਦੇ ਹਨ, ਚੰਗਾ ਭਾਸ਼ਣ ਦੇਣ ਵਾਲੇ ਵੀ, ਮੰਚਾਂ ’ਤੇ ਹੇਕਾਂ ਲਾਉਣ ਵਾਲੇ ਵੀ। ਮਨੁੱਖੀ ਵਰਤਾਰੇ ’ਚ ਅਨੇਕ ਨੌਟੰਕੀਆਂ ਜੋ ਹੁੰਦੀਆਂ ਹਨ ਲੇਖਕ ਫਾਸਲੇ ’ਤੇ ਖੜਾ ਇਨ੍ਹਾਂ ਦਾ ਦਰਸ਼ਕ ਹੈ।

ਲੇਖਕ ਲਈ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਲੱਭੇ, ਸੁਆਲ ਕਰੇ। ਜੋ ਖੁਦ ਨੂੰ ਸੁਆਲ ਨਹੀਂ ਕਰ ਸਕਦਾ ਉਹ ਹੋਰਾਂ ਨੂੰ ਸੁਆਲ ਕਿਉਂ ਕਰਦਾ ਹੈ? ਭੀੜ ਰਾਹੀਂ ਸਵੈ-ਮੋਹਿਤ ਹੋਣ ਵਾਲਾ ਆਪਣੇ ਆਪ ਨੂੰ ਸੁਆਲ ਨਹੀਂ ਕਰਦਾ। ਭੀੜ ਤੋਂ ਪ੍ਰਵਾਨਗੀ ਲੇਖਕ ਦੀ ਤਾਕਤ ’ਤੇ ਕਾਟਾ ਫੇਰਦੀ ਹੈ। ਭੀੜ ਸੁਆਲਾਂ ਦਾ ਹਨਨ ਕਰਦੀ ਹੈ।
ਮੈਨੂੰ ਜ਼ਿੰਦਗੀ ’ਚ ਹੋਣ ਦਾ ਚਾਅ ਹੈ, ਪ੍ਰਾਪਤ ਕਰਨ ਦਾ ਨਹੀਂ। ਪ੍ਰਾਪਤੀ/ਸਫ਼ਲਤਾ ਮੁੱਖ ਧਾਰਾ ਦੇ ਸ਼ਬਦ ਹਨ, ਮੇਰੇ ਲਈ

ਇਹ ਫੁਹਸ਼ ਹਨ। ਇਹ ਮੁੱਖਧਾਰਾ ਦੇ ਪ੍ਰਦੂਸ਼ਨ ਤੋਂ ਮੁਕਤ ਨਹੀਂ ਹੋ ਸਕਦੇ। ਮੁੱਖਧਾਰਾ ਤੋਂ ਟੁੱਟੇ ਬੰਦੇ ('ਆਊਟਸਾਈਡਰ') 'ਚ ਅਨੂਠੀ ਊਰਜਾ ਹੁੰਦੀ ਹੈ। ਉਹਨੂੰ ਮਿਹਨਤ ਤੇ ਚਿੰਤਨ ਦਾ ਆਸਰਾ ਹੁੰਦਾ ਹੈ। ਉਹਨੂੰ ਆਪਣੀ ਜ਼ਮੀਰ ਦੀ ਕਦਰ ਹੁੰਦੀ ਹੈ; ਆਪਣੇ ਅਕੀਦਿਆਂ ਦੇ ਆਸਰੇ ਉਹ ਤਣਿਆ ਰਹਿੰਦਾ ਹੈ। ਉਹਦੀ ਨਜ਼ਰ (ਪ੍ਰਤੱਖਣ) 'ਚ ਅਨੂਠਾਪਣ ਹੁੰਦਾ ਹੈ। ਮੁੱਖਧਾਰਾ ਚੱਟਾਨ ਵਰਗੀ ਸਥਾਪਨਾ ਹੈ ਜੋ ਮਾਨਵ ਸੰਵੇਦਨਾ ਤੇ ਇਨਸਾਫ਼-ਪਸੰਦੀ ਤੋਂ ਦੂਰ ਰਹਿਣ ਕਰਕੇ ਤਾਕਤ 'ਚ ਰਹਿੰਦੀ ਹੈ। ***